ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ

# ਖ਼ਾਲਸਾ ਕਾਲਜ ਪਟਿਆਲਾ

**An Autonomous College**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ,
ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਮਾਨਤਾ ਪ੍ਰਾਪਤ

**NAAC Accredited 'A' Grade**
**College with 'Potential for Excellence' Status by UGC**
**'Star College Scheme' by DBT, Govt. of India**

# ਸਾਲਾਨਾ ਰਿਪੋਰਟ

## ਸੈਸ਼ਨ 2023-24


**ਡਾ. ਧਰਮਿੰਦਰ ਸਿੰਘ ਉੱਭਾ**
**ਪ੍ਰਿੰਸੀਪਲ**

# ਤਤਕਰਾ


**1.** ਦਾਖ਼ਲੇ

2. ਕਾਲਜ ਦੇ ਸਾਬਕਾ ਵਿਦਿਆਰਥੀਆਂ ਦੀਆਂ ਵਿਦਿਅਕ ਪ੍ਰਾਪਤੀਆਂ

3. ਕਾਲਜ ਦੇ ਵਿਦਿਆਰਥੀਆਂ ਦੁਆਰਾ ਸੈਸ਼ਨ 2023-24 ਦੌਰਾਨ ਕੋਰਸ/ਕਲਾਸ ਵਿੱਚ ਪ੍ਰਾਪਤ ਕੀਤਾ ਗਿਆ ਪਹਿਲਾ ਅਤੇ ਦੂਜਾ ਸਥਾਨ

4. ਅਧਿਆਪਕਾਂ ਦੀਆਂ ਵਿਦਿਅਕ ਪ੍ਰਾਪਤੀਆਂ

5. ਅਧਿਆਪਕਾਂ ਨੂੰ ਮਿਲੇ ਐਵਾਰਡ

6. ਅਧਿਆਪਕਾਂ ਦੇ ਮਨਜ਼ੂਰ ਹੋਏ ਪੇਟੈਂਟ

7. ਕਾਲਜ ਵੱਲੋਂ ਕੱਢੇ ਜਾਂਦੇ ਅੰਤਰਰਾਸ਼ਟਰੀ ਜਰਨਲ

8. ਕਾਲਜ ਵੱਲੋਂ ਆਯੋਜਿਤ ਸੈਮੀਨਾਰ

9. ਕਾਲਜ ਵੱਲੋਂ ਆਯੋਜਿਤ ਵੈਬੀਨਾਰ

10. ਕਾਲਜ ਵੱਲੋਂ ਆਯੋਜਿਤ ਵਰਕਸ਼ਾਪਾਂ

11. ਕਾਲਜ ਵੱਲੋਂ ਆਯੋਜਿਤ ਟ੍ਰੇਨਿੰਗ ਪ੍ਰੋਗਰਾਮ

12. ਕਾਲਜ ਵੱਲੋਂ ਆਯੋਜਿਤ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ

13. ਅਧਿਆਪਕਾਂ ਵੱਲੋਂ ਅੰਤਰਰਾਸ਼ਟਰੀ/ਰਾਸ਼ਟਰੀ/ਰਾਜ ਪੱਧਰੀ/ਜ਼ਿਲ੍ਹਾ ਪੱਧਰੀ/ਕਾਲਜ ਪੱਧਰੀ ਕਾਨਫ਼ਰੰਸਾਂ ਵਿੱਚ ਪੇਪਰ ਪ੍ਰਸਤੁਤੀ

14. ਅਧਿਆਪਕਾਂ ਵੱਲੋਂ ਅੰਤਰਰਾਸ਼ਟਰੀ/ਰਾਸ਼ਟਰੀ/ਰਾਜ ਪੱਧਰੀ/ਜ਼ਿਲ੍ਹਾ ਪੱਧਰੀ/ਕਾਲਜ ਪੱਧਰੀ ਸੈਮੀਨਾਰਾਂ ਵਿੱਚ ਪੇਪਰ ਪ੍ਰਸਤੁਤੀ

15. ਅਧਿਆਪਕਾਂ ਦੇ ਰਾਸ਼ਟਰੀ/ਅੰਤਰਰਾਸ਼ਟਰੀ ਜਰਨਲਾਂ ਵਿੱਚ ਪ੍ਰਕਾਸ਼ਿਤ ਖੋਜ ਪੱਤਰ

16. ਅਧਿਆਪਕਾਂ ਵੱਲੋਂ ਨਿੱਜੀ ਤੌਰ 'ਤੇ ਪ੍ਰਕਾਸ਼ਿਤ- ਖੋਜ/ਸੰਪਾਦਿਤ/ਲਿਪੀ ਅੰਤਰਨ ਪੁਸਤਕਾਂ

17. ਅਧਿਆਪਕਾਂ ਦੇ ਵੱਖ-ਵੱਖ ਪੁਸਤਕਾਂ ਵਿੱਚ ਪ੍ਰਕਾਸ਼ਿਤ ਖੋਜ ਪੱਤਰ/ਆਰਟੀਕਲ/ਚੈਪਟਰ

18. ਫੈਕਲਟੀ ਮੈਂਬਰਾਂ ਵੱਲੋਂ ਲਗਾਏ ਗਏ ਰਿਫ਼ਰੈਸ਼ਰ ਕੋਰਸ

19. ਫੈਕਲਟੀ ਮੈਂਬਰਾਂ ਵੱਲੋਂ ਲਗਾਏ ਗਏ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ

20. ਫੈਕਲਟੀ ਮੈਂਬਰਾਂ ਵੱਲੋਂ ਲਗਾਏ ਗਏ ਸ਼ਾਰਟ ਟਰਮ ਕੋਰਸ

21. ਫੈਕਲਟੀ ਮੈਂਬਰਾਂ ਵੱਲੋਂ ਵਰਕਸ਼ਾਪਾਂ ਵਿੱਚ ਲਏ ਗਏ ਭਾਗ

22. ਫੈਕਲਟੀ ਮੈਂਬਰਾਂ ਦੁਆਰਾ ਸਿੰਪੋਜ਼ੀਅਮ ਵਿੱਚ ਲਏ ਗਏ ਭਾਗ

23. ਫੈਕਲਟੀ ਮੈਂਬਰਾਂ ਦੁਆਰਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਵਿੱਚ ਬਤੌਰ ਰਿਸੋਰਸ ਪਰਸਨ ਦਿੱਤੇ ਗਏ ਲੈਕਚਰ

24. ਮੈਂਬਰ ਪੈਨਲ ਆਫ਼ ਐਡੀਟੋਰੀਅਲ ਬੋਰਡ ਇਨ ਇੰਟਰਨੈਸ਼ਨਲ ਜਰਨਲ

25. ਮੈਂਬਰ ਬੋਰਡ ਆਫ਼ ਸਟੱਡੀਜ਼

26. ਜਰਨਲਾਂ ਦੇ ਰਿਵਿਊਅਰ

27. ਕਾਲਜ ਦੇ ਅਧਿਆਪਕਾਂ ਵੱਲੋਂ ਬਾਹਰਲੀਆਂ ਸੰਸਥਾਵਾਂ ਵਿਖੇ ਨਿਭਾਈਆਂ ਗਈਆਂ ਸੇਵਾਵਾਂ

28. ਅਧਿਆਪਕਾਂ ਦੁਆਰਾ ਕੀਤੀ ਗਈ ਜੱਜਮੈਂਟ

29. ਅਧਿਆਪਕਾਂ ਦੁਆਰਾ ਗ੍ਰੈਜੂਏਟਿੰਗ ਸੈਰੇਮਨੀ ਦੌਰਾਨ ਦਿੱਤੇ ਗਏ ਗ੍ਰੈਜੂਏਟਿੰਗ ਐਡਰੈੱਸ

30. ਅਧਿਆਪਕਾਂ ਦੁਆਰਾ ਕਾਨਫ਼ਰੰਸਾਂ/ਵੈਬੀਨਾਰਾਂ ਵਿੱਚ ਦਿੱਤੇ ਗਏ ਕੁੰਜੀਵਤ ਭਾਸ਼ਣ

31. ਕਾਲਜ ਵਿਖੇ ਬਾਹਰਲੀਆਂ ਸੰਸਥਾਵਾਂ ਦੇ ਵਿਸ਼ਾ ਮਾਹਿਰਾਂ ਦੁਆਰਾ ਦਿੱਤੇ ਗਏ ਲੈਕਚਰ

32. ਕਾਲਜ ਦੇ ਅਧਿਆਪਕਾਂ ਦੁਆਰਾ ਬਾਹਰਲੀਆਂ ਸੰਸਥਾਵਾਂ ਵਿੱਚ ਦਿੱਤੇ ਗਏ ਲੈਕਚਰ

33. ਕਾਲਜ ਦੇ ਅਧਿਆਪਕਾਂ ਦੁਆਰਾ ਕਾਲਜ ਵਿਖੇ ਅੰਤਰ-ਅਨੁਸਾਸ਼ਨੀ ਵਿਧੀ ਰਾਹੀਂ ਦਿੱਤੇ ਗਏ ਲੈਕਚਰ

34. ਸੱਭਿਆਚਾਰਕ ਪ੍ਰਾਪਤੀਆਂ/ਸਰਗਰਮੀਆਂ

35. ਐੱਨ.ਸੀ.ਸੀ. ਆਰਮੀ ਵਿੰਗ

36. ਐੱਨ.ਸੀ.ਸੀ. ਨੇਵਲ ਵਿੰਗ

37. ਐੱਨ.ਸੀ.ਸੀ. ਏਅਰ ਵਿੰਗ

38. ਐੱਨ.ਐੱਸ.ਐੱਸ. ਵਿਭਾਗ

39. ਕਾਲਜ ਵੱਲੋਂ ਮਨਾਏ ਗਏ ਖ਼ਾਸ ਦਿਵਸ

40 ਕਾਲਜ ਵੱਲੋਂ ਮਨਾਏ ਗਏ ਖ਼ਾਸ ਤਿਉਹਾਰ

41. ਸਰੀਰਕ ਸਿੱਖਿਆ ਅਤੇ ਖੇਡ ਵਿਭਾਗ

42. ਸਕੂਲ ਆਫ਼ ਕਾਮਰਸ ਐਂਡ ਮੈਨੇਜਮੈਂਟ
43. ਪੋਸਟ ਗ੍ਰੈਜੂਏਟ ਕੰਪਿਊਟਰ ਸਾਇੰਸ ਵਿਭਾਗ ਅਤੇ ਕੰਪਿਊਟੋਨਿਕਸ ਕਲੱਬ
44. ਕੈਮਿਸਟਰੀ ਵਿਭਾਗ
45. ਫ਼ਿਜ਼ਿਕਸ ਵਿਭਾਗ
46. ਬਾਇਓਟੈਕਨਾਲੋਜੀ ਵਿਭਾਗ
47. ਪੋਸਟ ਗ੍ਰੈਜੂਏਟ ਖੇਤੀਬਾੜੀ ਵਿਭਾਗ
48. ਬਨਸਪਤੀ ਵਿਗਿਆਨ ਵਿਭਾਗ
49. ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਅਤੇ ਪੰਜਾਬੀ ਸਾਹਿਤ ਸਭਾ
50. ਪੋਸਟ ਗ੍ਰੈਜੂਏਟ ਡਿਪਾਰਟਮੈਂਟ ਆਫ਼ ਇੰਗਲਿਸ਼ ਐਂਡ ਫੌਰਨ ਲੈਂਗੂਏਜਿਜ਼
51. ਹਿੰਦੀ ਅਤੇ ਹੋਰ ਭਾਸ਼ਾਵਾਂ ਵਿਭਾਗ
52. ਫੋਕ ਆਰਟ ਐਂਡ ਕਲਚਰ ਵਿਭਾਗ
53. ਫਾਈਨ ਆਰਟਸ ਵਿਭਾਗ
54. ਪੀ.ਜੀ. ਡਿਪਾਰਟਮੈਂਟ ਆਫ਼ ਫੈਸ਼ਨ ਡਿਜ਼ਾਇਨਿੰਗ ਅਤੇ ਹੋਮ ਸਾਇੰਸ
55. ਪੋਸਟ ਗ੍ਰੈਜੂਏਟ ਇਤਿਹਾਸ ਵਿਭਾਗ
56. ਧਰਮ ਅਧਿਐਨ ਵਿਭਾਗ
57. ਪੋਸਟ ਗ੍ਰੈਜੂਏਟ ਰਾਜਨੀਤੀ ਵਿਗਿਆਨ ਵਿਭਾਗ
58. ਸਮਾਜ ਵਿਗਿਆਨ ਵਿਭਾਗ
59. ਪੋਸਟ ਗ੍ਰੈਜੂਏਟ ਅਰਥ ਸ਼ਾਸ਼ਤਰ ਵਿਭਾਗ
60. ਸਾਇਕਾਲੋਜੀ ਵਿਭਾਗ
61. ਸੰਗੀਤ ਵਾਦਨ ਵਿਭਾਗ
62. ਪੋਸਟ ਗ੍ਰੈਜੂਏਟ ਸੰਗੀਤ ਗਾਇਨ ਵਿਭਾਗ
63. ਗਣਿਤ ਵਿਭਾਗ
64. ਥੀਏਟਰ ਸਟੱਡੀਜ਼ ਵਿਭਾਗ
65. ਪਬਲਿਕ ਐਡਮਨਿਸਟ੍ਰੇਸ਼ਨ ਵਿਭਾਗ/ਡਿਫੈਂਸ ਸਟੱਡੀਜ਼ ਵਿਭਾਗ

66. ਪੀ.ਜੀ. ਡਿਪਾਰਟਮੈਂਟ ਆਫ਼ ਜੌਗਰਫ਼ੀ ਐਂਡ ਇਨਵਾਇਰਮੈਂਟ ਸਾਇੰਸ
67. ਬੀ.ਵਾਕ. ਆਟੋਮੋਬਾਇਲ ਵਿਭਾਗ
68. ਬੀ.ਵਾਕ ਫ਼ੂਡ ਪ੍ਰੋਸੈਸਿੰਗ ਐਂਡ ਇੰਜਨੀਅਰਿੰਗ ਵਿਭਾਗ
69. ਗੁਰਮਤਿ ਸੁਸਾਇਟੀ ਅਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ
70. ਇੰਗਲਿਸ਼ ਲਿਟਰੇਰੀ ਸੁਸਾਇਟੀ
71. ਗਰੀਵੈਂਸ ਸੈੱਲ
72. ਪੀ.ਟੀ.ਏ. ਸੈੱਲ
73. ਐਂਟੀਰੈਗਿੰਗ ਸੈੱਲ
74. ਆਈ.ਕਿਊ.ਏ.ਸੀ.
75. ੳ.ਐੱਸ.ਏ.
76. ਵਿਦਿਆਰਥੀ ਭਲਾਈ ਕਮੇਟੀ (ਲੜਕੀਆਂ) ਅਤੇ ਨੰਨ੍ਹੀ ਛਾਂ ਸੈੱਲ
77. ਜੈਂਡਰ ਚੈਂਪੀਅਨਜ਼
78. ਬਰੇਵ ਹਾਰਟਸ ਕਲੱਬ
79. ਬੁੱਕ ਕਲੱਬ
80. ਕਿਰਤ ਕਲੱਬ
81. ਡਾ. ਗੰਡਾ ਸਿੰਘ ਕਰੀਅਰ ਗਾਈਡੈਂਸ, ਕਾਊਂਸਲਿੰਗ ਐਂਡ ਪਲੇਸਮੈਂਟ ਸੈੱਲ
82. ਪਬਲੀਕੇਸ਼ਨ ਸੈੱਲ
83. ਲਾਇਬ੍ਰੇਰੀ
84. ਕਾਲਜ ਮੈਗਜ਼ੀਨ ‘ਨਵੀਆਂ ਪੈੜਾਂ’

**ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ**

# ਖ਼ਾਲਸਾ ਕਾਲਜ ਪਟਿਆਲਾ

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫ਼ਤਹਿ ॥

ਆਪਣੀ ਸਥਾਪਤੀ ਦੇ 63 ਵਰ੍ਹੇ ਪੂਰੇ ਕਰ ਚੁੱਕੇ **ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ ਖ਼ਾਲਸਾ ਕਾਲਜ, ਪਟਿਆਲਾ** ਦਾ ਪੰਜਾਬ ਦੀਆਂ ਵਿਦਿਅਕ ਸੰਸਥਾਵਾਂ ਵਿਚ ਅਹਿਮ ਸਥਾਨ ਹੈ। ਇਸ ਵਿਦਿਅਕ ਸੰਸਥਾ ਨੂੰ ਸਥਾਪਿਤ ਕਰਨ ਵਿੱਚ **ਸ੍ਰੀ ਗੁਰੂ ਸਿੰਘ ਸਭਾ ਪਟਿਆਲਾ** ਅਤੇ ਇਸ ਨਾਲ ਜੁੜੀਆਂ ਮਹਾਨ ਸਖ਼ਸ਼ੀਅਤਾਂ ਪਦਮਸ਼੍ਰੀ **ਡਾ.ਖੁਸ਼ਦੇਵਾ ਸਿੰਘ ਜੀ**,**,** ਸਿੱਖ ਇਤਿਹਾਸ ਦੇ ਥੰਮ੍ਹ **ਡਾ. ਗੰਡਾ ਸਿੰਘ ਜੀ**, ਅਤੇ **ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ, ਪਟਿਆਲਾ** ਨੇ ਮਹੱਤਵਪੂਰਨ ਰੋਲ ਅਦਾ ਕੀਤਾ।

ਮੁੱਢਲੇ ਦੌਰ ਵਿੱਚ ਕਾਲਜ ਨੂੰ ਸਥਾਪਤ ਕਰਨ ਵਿੱਚ **ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ ਟਰੱਸਟ** ਅਤੇ ਬੁਲੰਦੀਆਂ ਦੀਆਂ ਰਾਹਾਂ 'ਤੇ ਪਹੁੰਚਾਉਣ ਵਿੱਚ **ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ** ਨੇ **ਮਹੱਤਵਪੂਰਨ ਯੋਗਦਾਨ** ਪਾਇਆ।

ਕਾਲਜ ਵਾਸਤੇ ਇਹ ਵੀ ਬੜੇ ਮਾਣ ਵਾਲੀ ਗੱਲ ਹੈ ਕਿ ਸਿੱਖ ਧਰਮ ਦੀਆਂ ਬਹੁਤ ਹੀ ਉੱਚ ਕੋਟੀ ਦੀਆਂ ਸਖ਼ਸ਼ੀਅਤਾਂ, **ਪੰਥ ਰਤਨ ਸਵਰਗਵਾਸੀ ਜਥੇਦਾਰ ਗੁਰਚਰਨ ਸਿੰਘ ਜੀ ਟੌਹੜਾ**, **ਬੀਬੀ ਜਗੀਰ ਕੌਰ ਜੀ**, **ਪ੍ਰੋ. ਕਿਰਪਾਲ ਸਿੰਘ ਜੀ ਬਡੂੰਗਰ, ਜਥੇਦਾਰ ਜਗਦੇਵ ਸਿੰਘ ਜੀ ਤਲਵੰਡੀ** ਅਤੇ **ਜਥੇਦਾਰ ਅਵਤਾਰ ਸਿੰਘ ਜੀ** ਇਸ ਦੀ ਪ੍ਰਬੰਧਕ ਕਮੇਟੀ ਦੀਆਂ ਪ੍ਰਧਾਨ ਰਹਿ ਚੁੱਕੀਆਂ ਹਨ। ਮੌਜੂਦਾ ਸਮੇਂ ਦੌਰਾਨ **ਐਡਵੋਕੇਟ ਹਰਜਿੰਦਰ ਸਿੰਘ ਜੀ ਧਾਮੀ** ਇਸ ਦੇ ਪ੍ਰਧਾਨ ਹੋਣ ਦੀ ਸੇਵਾ ਨਿਭਾ ਰਹੇ ਹਨ।

...........................................................................................

**ਸੈਸ਼ਨ 2023-24 ਕਾਲਜ ਵਾਸਤੇ ਬਹੁਤ ਹੀ ਸੁਭਾਗਾ ਰਿਹਾ**। ਇਸ ਸੈਸ਼ਨ ਦੌਰਾਨ ਕਾਲਜ ਦੀਆਂ ਤੀਰਅੰਦਾਜ਼ੀ ਦੀਆਂ ਹੋਣਹਾਰ ਖਿਡਾਰਨਾਂ ਨੇ ਅੰਤਰਰਾਸ਼ਟਰੀ ਪੱਧਰ 'ਤੇ ਮੱਲਾਂ ਮਾਰ ਕੇ ਸਿਰਫ ਭਾਰਤ ਦੇਸ਼ ਹੀ ਨਹੀਂ ਸਗੋਂ ਕਾਲਜ ਦਾ ਨਾਮ ਵੀ ਅੰਤਰਰਾਸ਼ਟਰੀ ਪੱਧਰ 'ਤੇ ਰੌਸ਼ਨ ਕੀਤਾ।

ਕਾਲਜ ਵਾਸਤੇ ਇਹ ਬਹੁਤ ਹੀ ਫ਼ਖ਼ਰ ਵਾਲੀ ਗੱਲ ਹੈ ਕਿ ਇਸ ਸੈਸ਼ਨ ਦੌਰਾਨ ਕਾਲਜ ਦੀਆਂ ਤੀਰ ਅੰਦਾਜ਼ੀ ਦੀਆਂ ਹੋਣਹਾਰ ਖਿਡਾਰਨਾਂ **ਪ੍ਰਨੀਤ ਕੌਰ** ਅਤੇ **ਅਵਨੀਤ ਕੌਰ** ਨੇ ਆਇਰਲੈਂਡ ਦੇ ਸ਼ਹਿਰ ਲਾਇਮਰਿਕ ਵਿਖੇ ਹੋਈ **ਵਰਲਡ ਆਰਚਰੀ ਯੂਥ ਚੈਂਪੀਅਨਸ਼ਿਪ 2023** ਵਿੱਚ **ਗੋਲਡ ਮੈਡਲ** ਪ੍ਰਾਪਤ ਕਰਕੇ ਸੁਨਹਿਰੀ ਇਤਿਹਾਸ ਸਿਰਜਿਆ।

ਤੀਰ ਅੰਦਾਜ਼ੀ ਦੇ ਹੀ ਹੋਣਹਾਰ ਖਿਡਾਰੀਆਂ **ਸੰਗਮਪ੍ਰੀਤ ਸਿੰਘ ਬਿਸਲਾ** ਅਤੇ **ਅਵਨੀਤ ਕੌਰ** ਨੇ **ਵਿਸ਼ਵ ਯੂਨੀਵਰਸਿਟੀ** ਖੇਡਾਂ ਵਿੱਚ ਗੋਲਡ ਮੈਡਲ ਅਤੇ ਤੀਰ ਅੰਦਾਜ਼ **ਤਨੀਸ਼ਾ ਵਰਮਾ** ਨੇ ਬਰਾਂਜ ਮੈਡਲ ਹਾਸਿਲ ਕਰਕੇ ਸਿਰਫ਼ ਖ਼ਾਲਸਾ ਕਾਲਜ ਹੀ ਨਹੀਂ ਸਗੋਂ ਵਿਸ਼ਵ ਪੱਧਰ ’ਤੇ ਭਾਰਤ ਦਾ ਨਾਮ ਰੌਸ਼ਨ ਕੀਤਾ।

ਕਾਲਜ ਦੀ ਤੀਰ ਅੰਦਾਜ਼ੀ ਦੀ ਹੋਣਹਾਰ ਖਿਡਾਰਨ **ਪ੍ਰਨੀਤ ਕੌਰ** ਨੇ ਅਗਸਤ 2023 ਦੌਰਾਨ ਜਰਮਨੀ ਦੇ ਸ਼ਹਿਰ ਬਰਲਿਨ ਵਿੱਚ ਮੈਕਸੀਕੋ ਵਿਰੁੱਧ ਤੀਰਅੰਦਾਜ਼ੀ **ਵਿਸ਼ਵ ਕੱਪ ਦੇ ਫਾਇਨਲ ਮੈਚ ਦੌਰਾਨ ਕੰਪਾਊਂਡ ਟੀਮ ਮੁਕਾਬਲੇ ਵਿੱਚ ਗੋਲਡ ਮੈਡਲ** ਹਾਸਲ ਕੀਤਾ। ਵਰਣਨਯੋਗ ਇਹ ਹੈ ਕਿ ਭਾਰਤ ਦੇਸ਼ ਨੂੰ ਇਹ ਉਪਲੱਬਧੀ 40 ਸਾਲਾਂ ਬਾਅਦ ਹਾਸਿਲ ਹੋਈ ਹੈ। ਪ੍ਰਨੀਤ ਕੌਰ ਦੀਆਂ ਉਪਰੋਕਤ ਉਪਲੱਬਧੀਆਂ ਸਦਕਾ ਮਾਣਯੋਗ ਰਾਸ਼ਟਰਪਤੀ ਸ਼੍ਰੀਮਤੀ ਦਰੋਪਤੀ ਮੁਰਮੂ ਅਤੇ ਖੇਡ ਮੰਤਰੀ ਵੱਲੋਂ ਇਕ ਵਿਸ਼ੇਸ਼ ਸਮਾਗਮ ਦੌਰਾਨ ਸਨਮਾਨਿਤ ਕੀਤਾ ਗਿਆ। ਇਸ ਖਿਡਾਰਨ ਦੀਆਂ ਆਲੀਸ਼ਾਨ ਪ੍ਰਾਪਤੀਆਂ ਲਈ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਅਤੇ ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਜੀ ਵੱਲੋਂ ਵੀ ਟਵੀਟ ਕਰਕੇ ਵਧਾਈ ਦਿੱਤੀ ਗਈ। ਕਾਲਜ ਵੱਲੋਂ ਇਸ ਵਿਦਿਆਰਥਣ ਨੂੰ ਉਚੇਚੇ ਤੌਰ ’ਤੇ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕਰਕੇ ਇੱਕ ਲੱਖ ਰੁਪਏ ਦੀ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ ਅਤੇ ਵਿਸ਼ੇਸ਼ ਸਨਮਾਨ ਵਜੋਂ ਇਸ ਵਿਦਿਆਰਥਣ ਦੇ ਕੋਚ ਸ੍ਰ. ਸੁਰਿੰਦਰ ਸਿੰਘ ਰੰਧਾਵਾ ਨੂੰ ਇੱਕੀ ਹਜ਼ਾਰ ਰੁਪਏ ਦੀ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ।

ਤੀਰ ਅੰਦਾਜ਼ੀ ਦੀ ਹੋਣਹਾਰ ਖਿਡਾਰਨ **ਪ੍ਰਨੀਤ ਕੌਰ** ਨੇ ਆਪਣੀਆਂ ਜਿੱਤਾਂ ਦਾ ਸਿਲਸਿਲਾ ਹੋਰ ਅੱਗੇ ਵਧਾਉਂਦੇ ਹੋਏ ਅਕਤੂਬਰ ਮਹੀਨੇ ਦੌਰਾਨ ਚੀਨ ਵਿੱਚ **ਹੋਈਆਂ ਏਸ਼ਿਆਈ ਖੇਡਾਂ** ਵਿੱਚ, **ਤਿੰਨ ਮੈਂਬਰੀ ਭਾਰਤੀ ਮਹਿਲਾ ਕੰਪਾਊਂਡ ਟੀਮ ਮੁਕਾਬਲੇ ਵਿੱਚ ਆਪਣੀ ਖੇਡ ਦਾ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਗੋਲਡ ਮੈਡਲ** ਹਾਸਿਲ ਕੀਤਾ।

ਇਸੇ ਸੈਸ਼ਨ ਦੌਰਾਨ ਹੀ ਕਾਲਜ ਦੀ ਆਰਚਰੀ ਦੀ ਹੋਣਹਾਰ ਖਿਡਾਰਨ **ਪੂਜਾ** ਨੇ ਥਾਈਲੈਂਡ ਵਿਖੇ ਹੋਈ **ਆਰਚਰੀ ਦੀ ਪੈਰਾਏਸ਼ੀਅਨ ਚੈਂਪੀਅਨਸ਼ਿਪ** ਵਿੱਚ **ਸਿਲਵਰ ਮੈਡਲ** ਪ੍ਰਾਪਤ ਕੀਤਾ।

ਇਹ ਸੈਸ਼ਨ ਕਾਲਜ ਵਾਸਤੇ ਇਸ ਕਰਕੇ ਹੀ ਸੁਭਾਗਾ ਰਿਹਾ ਕਿ ਇਸ ਸੈਸ਼ਨ ਦੌਰਾਨ ਕਾਲਜ ਨੂੰ **ਬੀ.ਐੱਸਸੀ. ਐਗਰੀਕਲਚਰ ਆਨਰਜ਼ ਦਾ ਕੋਰਸ ਚਲਾਉਣ ਲਈ ਚਾਲੂ ਸੈਸ਼ਨ ਤੋਂ ਪੰਜ ਸਾਲਾਂ ਲਈ, ਪੰਜਾਬ ਸਟੇਟ ਕੌਂਸਲ ਫ਼ਾਰ ਐਗਰੀਕਲਚਰ ਐਜੂਕੇਸ਼ਨ, ਪੰਜਾਬ ਤੋਂ ਮਾਨਤਾ ਪ੍ਰਾਪਤ ਹੋਈ।**

ਸਭਿਆਚਾਰਕ ਸਰਗਰਮੀਆਂ ਦੇ ਖੇਤਰ ਵਿੱਚ ਵੀ ਕਾਲਜ ਨੇ ਪਹਿਲੇ ਦੀ ਤਰ੍ਹਾਂ ਇਸ ਸੈਸ਼ਨ ਦੌਰਾਨ ਵੀ **ਕਾਬਿਲ–ਏ–ਤਾਰੀਫ਼ ਮੱਲਾਂ ਮਾਰਦੇ** ਹੋਏ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ **ਜ਼ੋਨਲ ਯੁਵਕ ਮੇਲੇ** ਦੌਰਾਨ ਪਹਿਲਾ ਸਥਾਨ ਹਾਸਿਲ ਕਰਕੇ **ਓਵਰਆਲ ਟਰਾਫ਼ੀ** ਅਤੇ **ਇੰਟਰ ਜ਼ੋਨਲ ਯੁਵਕ ਮੇਲੇ** ਵਿੱਚ **ਫਸਟ ਰਨਰ ਅੱਪ ਟਰਾਫ਼ੀ** ਹਾਸਿਲ ਕੀਤੀ।

# ਸਾਲਾਨਾ ਰਿਪੋਰਟ 2023-24

**1. ਦਾਖ਼ਲੇ:**

ਕਾਲਜ ਵਿੱਚ ਸੈਸ਼ਨ 2023-24 ਦੌਰਾਨ 5568 ਵਿਦਿਆਰਥੀਆਂ ਨੇ ਦਾਖ਼ਲਾ ਲਿਆ ਜਿਨ੍ਹਾਂ ਵਿੱਚ ਕੁੱਲ 3776 ਲੜਕੇ ਅਤੇ 1792 ਲੜਕੀਆਂ ਹਨ।

**2. ਕਾਲਜ ਦੇ ਸਾਬਕਾ ਵਿਦਿਆਰਥੀਆਂ ਦੀਆਂ ਵਿਦਿਅਕ ਪ੍ਰਾਪਤੀਆਂ:**

**2.1 ਵਿਦਿਆਰਥੀਆਂ ਦੁਆਰਾ ਪਾਸ ਕੀਤੇ ਗਏ ਰਾਸ਼ਟਰੀ ਅਤੇ ਰਾਜ ਪੱਧਰੀ ਇਮਤਿਹਾਨ:**

ਕਾਲਜ ਦੇ ਵੋਕਲ ਸੰਗੀਤ ਵਿਭਾਗ ਦੇ ਹੋਣਹਾਰ ਵਿਦਿਆਰਥੀ **ਤਰਸ ਸੇਠੀ** ਨੇ ਸੰਗੀਤ ਵੋਕਲ ਵਿਸ਼ੇ ਵਿੱਚ ਅਤੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੀ ਐਮ.ਫਿਲ ਦੀ ਸਾਬਕਾ ਵਿਦਿਆਰਥਣ **ਗੁਰਪ੍ਰੀਤ ਕੌਰ** ਨੇ ਪੰਜਾਬੀ ਵਿਸ਼ੇ ਵਿੱਚ **UGC NET ਦਾ ਇਮਤਿਹਾਨ ਪਾਸ ਕੀਤਾ।**

ਵਿਦਿਆਰਥੀ **ਜਸ਼ਨਪ੍ਰੀਤ ਸਿੰਘ ਨੇ CUET ਦੀ ਪ੍ਰੀਖਿਆ ਪਾਸ** ਕੀਤੀ।

ਪੰਜਾਬੀ ਵਿਭਾਗ ਦੇ ਐਮ.ਫਿਲ. ਦੇ ਸਾਬਕਾ ਵਿਦਿਆਰਥੀ **ਬਲਕਾਰ ਸਿੰਘ ਨੇ HTET ਦੇ Level-II ਅਤੇ Level-III ਇਮਤਿਹਾਨ ਪਾਸ** ਕੀਤੇ।

**2.2 ਕਾਲਜ ਦੇ ਸਾਬਕਾ ਵਿਦਿਆਰਥੀ ਦੀ ਪੋਸਟ ਡਾਕਟਰੇਟ ਲਈ ਚੋਣ:**

ਕਾਲਜ ਦੇ ਪੋਸਟ ਗ੍ਰੈਜੂਏਟ ਗਣਿਤ ਵਿਭਾਗ ਦੇ ਵਿਦਿਆਰਥੀ **ਸੁਖਦੀਪ ਸਿੰਘ ਬੱਲ** ਦੀ **ਆਕਸਫੋਰਡ ਯੂਨੀਵਰਸਿਟੀ** ਵਿੱਚ **ਪੋਸਟ ਡਾਕਟਰੇਟ ਕਰਨ ਵਾਸਤੇ ਚੋਣ** ਹੋਈ। ਇੱਥੇ ਇਹ ਜ਼ਿਕਰਯੋਗ ਹੈ ਕਿ ਇਸ ਹੋਣਹਾਰ ਵਿਦਿਆਰਥੀ ਨੇ ਸਥਾਨਕ ਕਾਲਜ ਤੋਂ ਐਮ.ਐਸਸੀ. ਮੈਥੇਮੈਟਿਕਸ ਕਰਨ ਉਪਰੰਤ ਆਪਣੀ ਪੀਐਚ.ਡੀ. ਦੀ ਡਿਗਰੀ ਸਕੂਲ ਆਫ਼ ਫਿਜ਼ੀਕਲ ਸਾਇੰਸਿਜ਼, ਯੂਨੀਵਰਸਿਟੀ ਆਫ਼ ਲਿਵਰਪੂਲ, ਇੰਗਲੈਂਡ ਤੋਂ ਕੀਤੀ ਹੈ।

**3. ਕਾਲਜ ਦੇ ਵਿਦਿਆਰਥੀਆਂ ਦੁਆਰਾ ਸੈਸ਼ਨ 2023-24 ਦੌਰਾਨ ਕੋਰਸ/ਕਲਾਸ ਵਿੱਚ ਪ੍ਰਾਪਤ ਕੀਤਾ ਗਿਆ ਪਹਿਲਾ ਅਤੇ ਦੂਜਾ ਸਥਾਨ:**

ਕਾਲਜ ਦੇ ਮਿਹਨਤੀ ਸਟਾਫ ਦੀ ਦੇਖ-ਰੇਖ ਅਧੀਨ ਕਾਲਜ ਦੇ ਵਿਦਿਆਰਥੀਆਂ ਨੇ ਸੈਸ਼ਨ **2023-24** ਦੀਆਂ ਪ੍ਰੀਖਿਆਵਾਂ ਦੌਰਾਨ **ਕਾਬਿਲ-ਏ-ਤਾਰੀਫ਼ ਮੱਲਾਂ** ਮਾਰੀਆਂ। ਇਸ ਸੈਸ਼ਨ ਦੌਰਾਨ ਕਾਲਜ ਦੇ ਹੇਠ ਲਿਖੇ ਵਿਦਿਆਰਥੀਆਂ ਨੇ ਆਪਣੀ-ਆਪਣੀ ਕਲਾਸ/ਕੋਰਸ ਵਿਚੋਂ ਪਹਿਲਾ ਅਤੇ ਦੂਸਰਾ ਸਥਾਨ ਹਾਸਲ ਕੀਤਾ:

ਬੀ.ਐਸਸੀ. ਨਾਨ-ਮੈਡੀਕਲ ਭਾਗ ਤੀਜਾ ਦੀ **ਕਿਰਨਜੀਤ ਕੌਰ** ਨੇ 9.37 ਸੀ.ਜੀ.ਪੀ.ਏ. ਲੈ ਕੇ ਪਹਿਲਾ ਸਥਾਨ ਅਤੇ **ਰਮਨਦੀਪ ਕੌਰ** ਨੇ 9.21 ਸੀ.ਜੀ.ਪੀ.ਏ. ਲੈ ਕੇ ਦੂਜਾ ਸਥਾਨ ਹਾਸਲ ਕੀਤਾ। ਬੀ.ਐਸਸੀ. ਮੈਡੀਕਲ ਭਾਗ ਤੀਜਾ ਦੇ **ਰਮਨਪ੍ਰੀਤ ਕੌਰ** ਨੇ 8.25 ਸੀ.ਜੀ.ਪੀ.ਏ. ਲੈ ਕੇ ਪਹਿਲਾ ਸਥਾਨ ਅਤੇ **ਜੈਨਵ ਜੈਨ** ਨੇ 8.07 ਸੀ.ਜੀ.ਪੀ.ਏ. ਲੈ ਕੇ ਦੂਜਾ ਸਥਾਨ ਹਾਸਲ ਕੀਤਾ। ਬੀ.ਐਸਸੀ. ਐਗਰੀਕਲਚਰ ਭਾਗ ਚੌਥਾ ਦੇ **ਗਰੀਮਾ ਸਿੰਘ** ਨੇ 9.01 ਸੀ.ਜੀ.ਪੀ.ਏ. ਲੈ ਕੇ ਪਹਿਲਾ ਸਥਾਨ ਅਤੇ **ਹੁਸਨਪ੍ਰੀਤ ਕੌਰ** ਨੇ 8.92 ਸੀ.ਜੀ.ਪੀ.ਏ. ਲੈ ਕੇ ਦੂਜਾ ਸਥਾਨ ਹਾਸਲ ਕੀਤਾ। ਬੀ.ਐਸਸੀ. ਆਨਰਜ਼ ਬਾਇਓਟੈਕਨਾਲੋਜੀ

ਭਾਗ ਤੀਜਾ ਦੀ **ਸਵਾਤੀ ਸ਼ਰਮਾ** ਨੇ 9.38 ਸੀ.ਜੀ.ਪੀ.ਏ. ਲੈ ਕੇ ਪਹਿਲਾ ਸਥਾਨ ਅਤੇ **ਖੁਸ਼ੀ ਮਿੱਤਲ** ਨੇ 9.60 ਸੀ.ਜੀ.ਪੀ.ਏ. ਲੈ ਕੇ ਦੂਜਾ ਸਥਾਨ ਹਾਸਲ ਕੀਤਾ। ਬੀ.ਐਸਸੀ. ਸੀ.ਐਸ.ਐਮ. ਭਾਗ ਤੀਜਾ ਦੀ **ਸਿਫਤ ਅਮਾਨਤ ਕੌਰ** ਨੇ 8.86 ਸੀ.ਜੀ.ਪੀ.ਏ. ਲੈ ਕੇ ਪਹਿਲਾ ਸਥਾਨ ਅਤੇ **ਹਸਨਪ੍ਰੀਤ ਕੌਰ** ਨੇ 7.60 ਸੀ.ਜੀ.ਪੀ.ਏ. ਲੈ ਕੇ ਦੂਜਾ ਸਥਾਨ ਹਾਸਲ ਕੀਤਾ। ਬੀ.ਐਸਸੀ. ਆਨਰਜ਼ ਮੈਥੇਮੈਟਿਕਸ ਭਾਗ ਤੀਜਾ ਦੀ **ਆਰਤੀ** ਨੇ 9.42 ਸੀ.ਜੀ.ਪੀ.ਏ. ਲੈ ਕੇ ਪਹਿਲਾ ਸਥਾਨ ਅਤੇ **ਸ਼ਿਖਾ ਰਾਣੀ** ਨੇ 8.95 ਸੀ.ਜੀ.ਪੀ.ਏ. ਲੈ ਕੇ ਦੂਜਾ ਸਥਾਨ ਹਾਸਲ ਕੀਤਾ।ਬੀ.ਐਸਸੀ. ਆਨਰਜ਼ ਕਮਿਸਟਰੀ ਭਾਗ ਤੀਜਾ ਦੀ **ਸਿਮਰਜੀਤ ਕੌਰ** ਨੇ 9.48 ਸੀ.ਜੀ.ਪੀ.ਏ. ਲੈ ਕੇ ਪਹਿਲਾ ਸਥਾਨ ਅਤੇ **ਅਲੀਸ਼ਾ** ਨੇ 9.41 ਸੀ.ਜੀ.ਪੀ.ਏ. ਲੈ ਕੇ ਦੂਜਾ ਸਥਾਨ ਹਾਸਲ ਕੀਤਾ। ਬੀ.ਕਾਮ. ਭਾਗ ਤੀਜਾ ਦੀ **ਰਣਦੀਪ ਕੌਰ** ਨੇ 9.05 ਸੀ.ਜੀ.ਪੀ.ਏ. ਪਹਿਲਾ ਸਥਾਨ ਅਤੇ **ਵਿਨਰਜੋਤ ਕੌਰ** ਨੇ 9.03 ਸੀ.ਜੀ.ਪੀ.ਏ. ਲੈ ਕੇ ਦੂਜਾ ਸਥਾਨ ਹਾਸਲ ਕੀਤਾ। ਬੀ.ਕਾਮ. ਆਨਰਜ਼ ਭਾਗ ਤੀਜਾ ਦੀ **ਖੁਸ਼ਬੂ** ਨੇ 9.00 ਸੀ.ਜੀ.ਪੀ.ਏ. ਲੈ ਕੇ ਪਹਿਲਾ ਸਥਾਨ ਅਤੇ **ਰਮਨਦੀਪ ਕੌਰ** ਨੇ 8.81 ਸੀ.ਜੀ.ਪੀ.ਏ. ਲੈ ਕੇ ਦੂਜਾ ਸਥਾਨ ਹਾਸਲ ਕੀਤਾ। ਬੀ.ਬੀ.ਏ. ਭਾਗ ਤੀਜਾ ਦੀ **ਦਿਲਪ੍ਰੀਤ ਕੌਰ** ਨੇ 9.15 ਸੀ.ਜੀ.ਪੀ.ਏ. ਲੈ ਕੇ ਪਹਿਲਾ ਸਥਾਨ ਅਤੇ **ਰੀਆ** ਨੇ 8.90 ਸੀ.ਜੀ.ਪੀ.ਏ. ਲੈ ਕੇ ਦੂਜਾ ਸਥਾਨ ਹਾਸਲ ਕੀਤਾ। ਬੀ.ਸੀ.ਏ. ਭਾਗ ਤੀਜਾ ਦੀ **ਰੀਆ** ਨੇ 8.85 ਸੀ.ਜੀ.ਪੀ.ਏ. ਲੈ ਕੇ ਪਹਿਲਾ ਸਥਾਨ ਅਤੇ **ਜਸਵੀਰ ਸਿੰਘ** ਨੇ 8.73 ਸੀ.ਜੀ.ਪੀ.ਏ. ਲੈ ਕੇ ਦੂਜਾ ਸਥਾਨ ਹਾਸਲ ਕੀਤਾ। ਬੀ.ਏ. ਭਾਗ ਤੀਜਾ ਦੀ **ਰਮਨਪ੍ਰੀਤ ਕੌਰ** ਨੇ 9.11 ਸੀ.ਜੀ.ਪੀ.ਏ. ਲੈ ਕੇ ਪਹਿਲਾ ਸਥਾਨ ਅਤੇ **ਅਨਮੋਲਪ੍ਰੀਤ ਸਿੰਘ ਵਿਹਾਨ** ਨੇ 9.03 ਸੀ.ਜੀ.ਪੀ.ਏ. ਲੈ ਕੇ ਦੂਜਾ ਸਥਾਨ ਹਾਸਲ ਕੀਤਾ। ਬੀ.ਏ. ਆਨਰਜ਼ ਸੋਸ਼ਲ ਸਾਇੰਸ ਭਾਗ ਤੀਜਾ ਦੀ **ਪਰਮਿੰਦਰ ਕੌਰ** ਨੇ 8.89 ਸੀ.ਜੀ.ਪੀ.ਏ. ਲੈ ਕੇ ਪਹਿਲਾ ਸਥਾਨ ਅਤੇ **ਮਨਦੀਪ ਕੌਰ** ਨੇ 8.73 ਸੀ.ਜੀ.ਪੀ.ਏ. ਲੈ ਕੇ ਦੂਜਾ ਸਥਾਨ ਹਾਸਲ ਕੀਤਾ। ਬੀ.ਏ. ਆਨਰਜ਼ ਇੰਗਲਿਸ਼ ਭਾਗ ਤੀਜਾ ਦੀ **ਮੋਨਿਕਾ** ਨੇ 8.45 ਸੀ.ਜੀ.ਪੀ.ਏ. ਲੈ ਕੇ ਪਹਿਲਾ ਸਥਾਨ ਅਤੇ **ਮਨਪ੍ਰੀਤ ਕੌਰ** ਨੇ 8.27 ਸੀ.ਜੀ.ਪੀ.ਏ. ਲੈ ਕੇ ਦੂਜਾ ਸਥਾਨ ਹਾਸਲ ਕੀਤਾ। ਬੀ.ਏ. ਆਨਰਜ਼ ਹਿਸਟਰੀ ਭਾਗ ਤੀਜਾ ਦੀ **ਹਰਮਨਦੀਪ ਕੌਰ** ਨੇ 8.75 ਸੀ.ਜੀ.ਪੀ.ਏ. ਲੈ ਕੇ ਪਹਿਲਾ ਸਥਾਨ ਅਤੇ **ਰਿਧਾਂਸ਼ ਗੋਇਲ, ਜਸਲੀਨ ਕੌਰ ਅਤੇ ਸੰਧਿਆ** ਨੇ 8.50 ਸੀ.ਜੀ.ਪੀ.ਏ. ਲੈ ਕੇ ਦੂਜਾ ਸਥਾਨ ਹਾਸਲ ਕੀਤਾ। ਬੀ.ਏ. ਆਨਰਜ਼ ਇਕਨਾਮਿਕਸ ਭਾਗ ਤੀਜਾ ਦੀ **ਸਨੇਹਾ ਰਾਣੀ** ਨੇ 9.25 ਸੀ.ਜੀ.ਪੀ.ਏ. ਲੈ ਕੇ ਪਹਿਲਾ ਸਥਾਨ ਅਤੇ **ਦਿਵਪ੍ਰੀਤ ਕੌਰ** ਨੇ 9.00 ਸੀ.ਜੀ.ਪੀ.ਏ. ਲੈ ਕੇ ਦੂਜਾ ਸਥਾਨ ਹਾਸਲ ਕੀਤਾ। ਬੀ.ਵਾਕ.ਫੂਡ ਪ੍ਰੋਸੈਸਿੰਗ ਐਂਡ ਇੰਜੀਨੀਅਰਿੰਗ ਭਾਗ ਤੀਜਾ ਦੀ **ਮਨਪ੍ਰੀਤ ਸਪਰਾ** ਨੇ 8.03 ਸੀ.ਜੀ.ਪੀ.ਏ. ਲੈ ਕੇ ਪਹਿਲਾ ਸਥਾਨ ਅਤੇ **ਪਵਰੀਤ ਕੌਰ** ਨੇ 7.79 ਸੀ.ਜੀ.ਪੀ.ਏ. ਲੈ ਕੇ ਦੂਜਾ ਸਥਾਨ ਹਾਸਲ ਕੀਤਾ। ਬੀ.ਵਾਕ. ਸਾਫ਼ਟਵੇਅਰ ਡਿਵੈਲਪਮੈਂਟ ਭਾਗ ਤੀਜਾ ਦੇ **ਰਮਨੀਤ ਕੌਰ** ਨੇ 9.27 ਸੀ.ਜੀ.ਪੀ.ਏ ਲੈ ਕੇ ਪਹਿਲਾ ਸਥਾਨ ਅਤੇ **ਸੁਖਨੀਤ ਕੌਰ** ਨੇ 9.16 ਸੀ.ਜੀ.ਪੀ.ਏ. ਲੈ ਕੇ ਦੂਜਾ ਸਥਾਨ ਹਾਸਲ ਕੀਤਾ। ਬੀ.ਵਾਕ.ਆਟੋ ਮੋਬਾਇਲ ਭਾਗ ਤੀਜਾ ਦੇ **ਆਸ਼ੂ ਸਿੰਘ** ਨੇ 8.57 ਸੀ.ਜੀ.ਪੀ.ਏ ਲੈ ਕੇ ਪਹਿਲਾ ਸਥਾਨ ਅਤੇ **ਬਰਿੰਦਰ ਸਿੰਘ** ਨੇ 8.23 ਸੀ.ਜੀ.ਪੀ.ਏ. ਲੈ ਕੇ ਦੂਜਾ ਸਥਾਨ ਹਾਸਲ ਕੀਤਾ। ਬੀ.ਵਾਕ.ਫੈਸ਼ਨ ਡਿਜ਼ਾਇਨ ਐਂਡ ਟੈਕਨਾਲੋਜੀ ਭਾਗ ਤੀਜਾ ਦੀ **ਜ਼ੀਆ ਪਰਵੇਜ਼** ਨੇ 9.02 ਸੀ.ਜੀ.ਪੀ.ਏ ਲੈ ਕੇ ਪਹਿਲਾ ਸਥਾਨ ਅਤੇ **ਨਵਜੋਤ ਕੌਰ** ਨੇ 8.86 ਸੀ.ਜੀ.ਪੀ.ਏ. ਲੈ ਕੇ ਦੂਜਾ

ਸਥਾਨ ਹਾਸਲ ਕੀਤਾ। ਐਮ.ਕਾਮ. ਭਾਗ ਦੂਜਾ ਦੀ **ਮੁਸਕਾਨਪ੍ਰੀਤ ਕੌਰ** ਨੇ 9.25 ਸੀ.ਜੀ.ਪੀ.ਏ ਲੈ ਕੇ ਪਹਿਲਾ ਸਥਾਨ ਅਤੇ **ਹਰਦੀਪ ਕੌਰ** ਨੇ 8.95 ਸੀ.ਜੀ.ਪੀ.ਏ. ਲੈ ਕੇ ਦੂਜਾ ਸਥਾਨ ਹਾਸਲ ਕੀਤਾ। ਐਮ.ਬੀ.ਏ. (ਐਲ.ਡੀ.) ਭਾਗ ਦੂਜਾ ਦੀ **ਪਲਵੀ** ਨੇ 9.20 ਸੀ.ਜੀ.ਪੀ.ਏ ਲੈ ਕੇ ਪਹਿਲਾ ਸਥਾਨ ਅਤੇ **ਅਰਸ਼ੀਆ ਢੀਂਗਰਾ** ਨੇ 9.05 ਸੀ.ਜੀ.ਪੀ.ਏ. ਲੈ ਕੇ ਦੂਜਾ ਸਥਾਨ ਹਾਸਲ ਕੀਤਾ। ਐਮ.ਐਸਸੀ.ਫ਼ੈਸ਼ਨ ਡਿਜ਼ਾਇੰਨਿੰਗ ਐਂਡ ਟੈਕਨਾਲੌਜੀ ਭਾਗ ਦੂਜਾ ਦੀ **ਤਰਨਪ੍ਰੀਤ ਕੌਰ** ਨੇ 9.37 ਸੀ.ਜੀ.ਪੀ.ਏ ਲੈ ਕੇ ਪਹਿਲਾ ਸਥਾਨ ਅਤੇ **ਨਵਨੀਤ ਕੌਰ** ਨੇ 9.00 ਸੀ.ਜੀ.ਪੀ.ਏ. ਲੈ ਕੇ ਦੂਜਾ ਸਥਾਨ ਹਾਸਲ ਕੀਤਾ। ਐਮ.ਐਸਸੀ. ਆਈ.ਟੀ. ਭਾਗ ਦੂਜਾ ਦੀ **ਆਫੀਆ ਅਖਤਰ** ਨੇ 9.04 ਸੀ.ਜੀ.ਪੀ.ਏ ਲੈ ਕੇ ਪਹਿਲਾ ਸਥਾਨ ਅਤੇ **ਹਰਲੀਨ ਕੌਰ** ਨੇ 8.95 ਸੀ.ਜੀ.ਪੀ.ਏ. ਲੈ ਕੇ ਦੂਜਾ ਸਥਾਨ ਹਾਸਲ ਕੀਤਾ। ਐਮ.ਐਸਸੀ. ਆਈ.ਟੀ. (ਲੇਟਰਲ) ਭਾਗ ਦੂਜਾ ਦੀ **ਪ੍ਰਿਯਾਂਸ਼ੀ** ਨੇ 9.31 ਸੀ.ਜੀ.ਪੀ.ਏ ਲੈ ਕੇ ਪਹਿਲਾ ਸਥਾਨ ਅਤੇ **ਮਨਸਚ ਕੌਰ** ਨੇ 8.67 ਸੀ.ਜੀ.ਪੀ.ਏ. ਲੈ ਕੇ ਦੂਜਾ ਸਥਾਨ ਹਾਸਲ ਕੀਤਾ। ਐਮ.ਐਸਸੀ. ਜੌਗਰਫ਼ੀ ਭਾਗ ਦੂਜਾ ਦੀ **ਕ੍ਰਿਤਿਕਾ** ਨੇ 8.95 ਸੀ.ਜੀ.ਪੀ.ਏ ਲੈ ਕੇ ਪਹਿਲਾ ਸਥਾਨ ਅਤੇ **ਜਸ਼ਨਪ੍ਰੀਤ ਕੌਰ** ਨੇ 8.90 ਸੀ.ਜੀ.ਪੀ.ਏ. ਲੈ ਕੇ ਦੂਜਾ ਸਥਾਨ ਹਾਸਲ ਕੀਤਾ। ਪੀ.ਜੀ.ਡੀ.ਸੀ.ਏ. ਸਮੈਸਟਰ ਦੂਜਾ ਦੀ **ਮਨਪ੍ਰੀਤ ਕੌਰ** ਨੇ 9.06 ਸੀ.ਜੀ.ਪੀ.ਏ ਲੈ ਕੇ ਪਹਿਲਾ ਸਥਾਨ ਅਤੇ **ਪ੍ਰਭਜੋਤ ਕੌਰ** ਨੇ 9.00 ਸੀ.ਜੀ.ਪੀ.ਏ ਲੈ ਕੇ ਦੂਜਾ ਸਥਾਨ ਹਾਸਲ ਕੀਤਾ। ਐਮ.ਐਸਸੀ. ਮੈਥੇਮੈਟਿਕਸ ਭਾਗ ਦੂਜਾ ਦੀ **ਦਿਲਪ੍ਰੀਤ ਕੌਰ** ਨੇ 9.35 ਸੀ.ਜੀ.ਪੀ.ਏ ਲੈ ਕੇ ਪਹਿਲਾ ਸਥਾਨ ਅਤੇ **ਅਮਨੀਤ ਕੌਰ** ਨੇ 9.30 ਸੀ.ਜੀ.ਪੀ.ਏ. ਲੈ ਕੇ ਦੂਜਾ ਸਥਾਨ ਹਾਸਲ ਕੀਤਾ। ਐਮ.ਏ. ਅੰਗ੍ਰੇਜ਼ੀ ਭਾਗ ਦੂਜਾ ਦੀ **ਅਮੀਸ਼ਾ ਚੌਹਾਨ** ਨੇ 8.75 ਸੀ.ਜੀ.ਪੀ.ਏ ਲੈ ਕੇ ਪਹਿਲਾ ਸਥਾਨ ਅਤੇ **ਅਰਲੀਨ ਕੌਰ** ਨੇ 8.69 ਸੀ.ਜੀ.ਪੀ.ਏ. ਲੈ ਕੇ ਦੂਜਾ ਸਥਾਨ ਹਾਸਲ ਕੀਤਾ। ਐਮ.ਏ. ਪੰਜਾਬੀ ਭਾਗ ਦੂਜਾ ਦੀ **ਜਸਪ੍ਰੀਤ ਕੌਰ** ਨੇ 8.25 ਸੀ.ਜੀ.ਪੀ.ਏ ਲੈ ਕੇ ਪਹਿਲਾ ਸਥਾਨ ਅਤੇ **ਕਰਨਵੀਰ ਕੌਰ** ਨੇ 7.80 ਸੀ.ਜੀ.ਪੀ.ਏ. ਲੈ ਕੇ ਦੂਜਾ ਸਥਾਨ ਹਾਸਲ ਕੀਤਾ। ਐਮ.ਏ. ਹਿਸਟਰੀ ਭਾਗ ਦੂਜਾ ਦੀ **ਰਾਜਵਿੰਦਰ ਸਿੰਘ ਸੋਹੀ** ਨੇ 8.00 ਸੀ.ਜੀ.ਪੀ.ਏ ਲੈ ਕੇ ਪਹਿਲਾ ਸਥਾਨ ਅਤੇ **ਰਾਹੁਲ ਕੁਮਾਰ** ਨੇ 7.69 ਸੀ.ਜੀ.ਪੀ.ਏ. ਲੈ ਕੇ ਦੂਜਾ ਸਥਾਨ ਹਾਸਲ ਕੀਤਾ। ਐਮ.ਏ. ਮਿਊਜ਼ਿਕ ਵੋਕਲ ਭਾਗ ਦੂਜਾ ਦੇ **ਕਰਮਜੀਤ ਸਿੰਘ** ਨੇ 7.30 ਸੀ.ਜੀ.ਪੀ.ਏ ਲੈ ਕੇ ਪਹਿਲਾ ਸਥਾਨ ਅਤੇ **ਅਰਸ਼ ਅਲੀ** ਨੇ 7.06 ਸੀ.ਜੀ.ਪੀ.ਏ. ਲੈ ਕੇ ਦੂਜਾ ਸਥਾਨ ਹਾਸਲ ਕੀਤਾ। ਐਮ.ਏ. ਸਾਇਕਾਲੋਜੀ ਭਾਗ ਦੂਜਾ ਦੀ **ਹਰਸਿਮਰਤ ਕੌਰ** ਨੇ 8.11 ਸੀ.ਜੀ.ਪੀ.ਏ ਲੈ ਕੇ ਪਹਿਲਾ ਸਥਾਨ ਅਤੇ **ਖੁਸ਼ਬੂਪ੍ਰੀਤ ਕੌਰ** ਨੇ 7.84 ਸੀ.ਜੀ.ਪੀ.ਏ. ਲੈ ਕੇ ਦੂਜਾ ਸਥਾਨ ਹਾਸਲ ਕੀਤਾ। ਐਮ.ਏ. ਪੁਲੀਟੀਕਲ ਸਾਇੰਸ ਭਾਗ ਦੂਜਾ ਦੀ **ਜਸ਼ਨਦੀਪ ਕੌਰ** ਨੇ 8.63 ਸੀ.ਜੀ.ਪੀ.ਏ ਲੈ ਕੇ ਪਹਿਲਾ ਸਥਾਨ ਅਤੇ **ਦਿਵਜੋਤ ਕੌਰ** ਨੇ 8.50 ਸੀ.ਜੀ.ਪੀ.ਏ. ਲੈ ਕੇ ਦੂਜਾ ਸਥਾਨ ਹਾਸਲ ਕੀਤਾ। ਐਮ.ਏ. ਇਕਨਾਮਿਕਸ ਭਾਗ ਦੂਜਾ ਦੀ **ਰਹਿਤਦੀਪ ਕੌਰ** ਨੇ 9.40 ਸੀ.ਜੀ.ਪੀ.ਏ ਲੈ ਕੇ ਪਹਿਲਾ ਸਥਾਨ ਅਤੇ **ਜਸ਼ਨਪ੍ਰੀਤ ਕੌਰ** ਨੇ 9.00 ਸੀ.ਜੀ.ਪੀ.ਏ. ਲੈ ਕੇ ਦੂਜਾ ਸਥਾਨ ਹਾਸਲ ਕੀਤਾ। ਡਿਪਲੋਮਾ ਇਨ ਸੰਸਕ੍ਰਿਤ ਸਮੈਸਟਰ ਦੂਜਾ ਦੇ **ਸੁਨੀਲ ਸ਼ਰਮਾ** ਨੇ 74.50% ਅੰਕ ਲੈ ਕੇ ਪਹਿਲਾ ਸਥਾਨ ਅਤੇ **ਗੁਰਦੀਪ ਸਿੰਘ** ਨੇ 70.00% ਅੰਕ ਲੈ ਕੇ ਦੂਜਾ ਸਥਾਨ ਹਾਸਲ ਕੀਤਾ। ਡਿਪਲੋਮਾ ਇਨ ਉਰਦੂ ਸਮੈਸਟਰ ਦੂਜਾ ਦੀ **ਜੋਬਨਪ੍ਰੀਤ ਕੌਰ** ਨੇ 84% ਅੰਕ ਲੈ ਕੇ ਪਹਿਲਾ ਸਥਾਨ ਅਤੇ **ਗੁਰਵਿੰਦਰ ਕੁਮਾਰ** ਨੇ 67.50% ਅੰਕ ਲੈ

ਕੇ ਦੂਜਾ ਸਥਾਨ ਹਾਸਲ ਕੀਤਾ। ਡਿਪਲੋਮਾ ਇਨ ਪਰਸ਼ੀਅਨ ਸਮੈਸਟਰ ਦੂਜਾ ਦੇ **ਅਕਾਸ਼ਪ੍ਰੀਤ ਸਿੰਘ** ਨੇ 62.50% ਅੰਕ ਲੈ ਕੇ ਪਹਿਲਾ ਸਥਾਨ ਅਤੇ **ਕੀਮਤ ਸਿੰਘ** ਨੇ 61.50% ਅੰਕ ਲੈ ਕੇ ਦੂਜਾ ਸਥਾਨ ਹਾਸਲ ਕੀਤਾ।

**4. ਅਧਿਆਪਕਾਂ ਦੀਆਂ ਵਿਦਿਅਕ ਪ੍ਰਾਪਤੀਆਂ:**

**ਡਾ. ਗੁਰਵਿੰਦਰ ਕੌਰ,** ਅਸਿਸਟੈਂਟ ਪ੍ਰੋਫੈਸਰ, ਗਣਿਤ ਵਿਭਾਗ ਨੂੰ **A Study of Certain Differential Sandwich Type Results in Geometric Function Theory** ਵਿਸ਼ੇ 'ਤੇ **ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਹਿਗੜ੍ਹ ਸਾਹਿਬ** ਤੋਂ ਮਿਤੀ 21 ਅਗਸਤ, 2023 ਨੂੰ **ਪੀਐੱਚ.ਡੀ. ਦੀ ਡਿਗਰੀ ਐਵਾਰਡ ਹੋਈ**।

**5. ਅਧਿਆਪਕਾਂ ਨੂੰ ਮਿਲੇ ਐਵਾਰਡ:**

**ਡਾ. ਰੋਜ਼ੀ ਬਾਂਸਲ** ਨੂੰ ਮਿਤੀ 05 ਸਤੰਬਰ 2023 ਨੂੰ Rotaract Patiala ਵੱਲੋਂ **Best Teacher** ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

**6. ਅਧਿਆਪਕਾਂ ਦੇ ਮਨਜ਼ੂਰ ਹੋਏ ਪੇਟੈਂਟ:**

ਕਾਲਜ ਦੇ ਰਸਾਇਣ ਵਿਭਾਗ ਦੇ ਅਧਿਆਪਕ **ਡਾ. ਰਤਨਪਾਲ ਸਿੰਘ ਰੰਧਾਵਾ** ਦਾ ਭਾਰਤ ਸਰਕਾਰ ਵੱਲੋਂ **ਮੈਥਡ ਟੂ ਡਿਵੈਲਪਮੈਂਟ ਆਡਰਡ ਨੈਨੋ ਪੋਰੌਸ ਬਾਇਓਪੋਲੀਮਰ ਮੈਂਬ੍ਰੇਂਸ** ਵਿਸ਼ੇ 'ਤੇ **ਪੇਟੈਂਟ** ਮਨਜ਼ੂਰ ਹੋਇਆ।

**7. ਕਾਲਜ ਵੱਲੋਂ ਕੱਢੇ ਜਾਂਦੇ ਅੰਤਰਰਾਸ਼ਟਰੀ ਜਰਨਲ:**

ਕਾਲਜ ਵਾਸਤੇ ਇਹ ਬੜੇ ਹੀ ਮਾਣ ਵਾਲੀ ਗੱਲ ਹੈ ਕਿ ਇਸ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਵੱਲੋਂ **ਯੂ.ਜੀ.ਸੀ. ਕੇਅਰ ਲਿਸਟ ਵਿੱਚ ਸ਼ਾਮਿਲ** ਕੱਢੇ ਜਾਂਦੇ, **ਐਨੂਅਲ ਪੀਅਰ ਰੀਵਿਊਡ ਜਰਨਲ ਖੋਜ ਪੰਧ** ਦਾ 10ਵਾਂ, **ਆਰਟੀਫੀਸ਼ਲ ਇੰਟੈਲੀਜੈਂਸ ਵਿਸ਼ੇਸ਼ ਅੰਕ, ਮਾਰਚ 2024,** ਦੌਰਾਨ ਕੱਢਿਆ ਗਿਆ। ਇਸ ਦਾ ISSN:2394-0980 ਹੈ।

**8. ਕਾਲਜ ਵੱਲੋਂ ਆਯੋਜਿਤ ਸੈਮੀਨਾਰ:**

ਮਿਤੀ 12 ਅਕਤੂਬਰ 2023 ਨੂੰ ਸਕੂਲ ਆਫ਼ ਕਾਮਰਸ ਐਂਡ ਮੈਨੇਜਮੈਂਟ ਵੱਲੋਂ **''ਮਨ ਤੂੰ ਜੋਤ ਸਰੂਪੁ ਹੈ ਆਪਣਾ ਮੂਲ ਪਛਾਣ''** ਵਿਸ਼ੇ 'ਤੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ।

ਮਿਤੀ 01 ਨਵੰਬਰ 2023 ਨੂੰ ਅੰਗਰੇਜ਼ੀ ਵਿਭਾਗ ਦੀ English Literary Society ਅਤੇ Bravehearts Club ਵੱਲੋਂ ਸਾਂਝੇ ਤੌਰ 'ਤੇ **Life Skills** ਵਿਸ਼ੇ 'ਤੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਸੈਮੀਨਾਰ ਦੌਰਾਨ ਵਿਭਾਗ ਦੇ ਮੁਖੀ **ਪ੍ਰੋ. ਜਸਪ੍ਰੀਤ ਕੌਰ ਨੇ Communication Skills, Critical Thinking, Adaptability** ਅਤੇ **Emotional Intelligence** ਵਿਸ਼ਿਆਂ 'ਤੇ ਜਾਣਕਾਰੀ ਦਿੱਤੀ ਅਤੇ ਵਿਦਿਆਰਥੀਆਂ ਨੂੰ ਸਿਰਜਨਾਤਮਿਕ ਸੋਚ ਰੱਖਣ ਦਾ ਮਹੱਤਵ ਦੱਸਿਆ। ਇਸ ਮੌਕੇ ਵਿਦਿਆਰਥੀਆਂ ਲਈ **Enrich Your Word Power** ਵਿਸ਼ੇ 'ਤੇ ਗਤੀਵਿਧੀ ਦਾ ਵੀ ਆਯੋਜਨ ਕੀਤਾ ਗਿਆ।

ਮਿਤੀ 25 ਜਨਵਰੀ 2024 ਨੂੰ ਸਕੂਲ ਆਫ਼ ਕਾਮਰਸ ਐਂਡ ਮੈਨੇਜਮੈਂਟ ਵੱਲੋਂ **ਕਰੀਅਰ ਗਾਈਡੈਂਸ-ਕਮ-ਮੋਟੀਵੇਸ਼ਨਲ** ਵਿਸ਼ੇ 'ਤੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ।

## 9. ਕਾਲਜ ਵੱਲੋਂ ਆਯੋਜਿਤ ਵੈਬੀਨਾਰ:

ਮਿਤੀ 28 ਜੂਨ 2024 ਨੂੰ ਡਾ. ਗੰਡਾ ਸਿੰਘ ਕਰੀਅਰ ਗਾਈਡੈਂਸ, ਕਾਊਂਸਲਿੰਗ ਐਂਡ ਪਲੇਸਮੈਂਟ ਸੈੱਲ ਵੱਲੋਂ **Interview Skills** ਵਿਸ਼ੇ 'ਤੇ ਵੈਬੀਨਾਰ ਦਾ ਆਯੋਜਨ ਕੀਤਾ ਗਿਆ।

## 10. ਕਾਲਜ ਵੱਲੋਂ ਆਯੋਜਿਤ ਵਰਕਸ਼ਾਪਾਂ:

ਇਸ ਸੈਸ਼ਨ ਦੌਰਾਨ ਕਾਲਜ ਵੱਲੋਂ **18 ਵਰਕਸ਼ਾਪਾਂ** ਆਯੋਜਿਤ ਕੀਤੀਆਂ ਗਈਆਂ।

ਮਿਤੀ 24 ਅਗਸਤ 2023 ਨੂੰ ਡਾ. ਗੰਡਾ ਸਿੰਘ ਕਰੀਅਰ ਗਾਈਡੈਂਸ, ਕਾਊਂਸਲਿੰਗ ਐਂਡ ਪਲੇਸਮੈਂਟ ਸੈੱਲ ਵੱਲੋਂ **ਭਵਿੱਖ ਦੇ ਟਾਈਕੂਨਜ਼-2 ਲਈ ਉਮੀਦਵਾਰਾਂ ਦੀ ਤਰੱਕੀ ਅਤੇ ਰਜਿਸਟ੍ਰੇਸ਼ਨ** ਵਿਸ਼ੇ 'ਤੇ ਇੱਕ ਰੋਜ਼ਾ ਵਰਕਸ਼ਾਪ ਲਗਾਈ ਗਈ।

ਮਿਤੀ 28 ਅਗਸਤ 2023 ਨੂੰ ਸਕੂਲ ਆਫ਼ ਕਾਮਰਸ ਐਂਡ ਮੈਨੇਜਮੈਂਟ ਦੇ ਡਿਵਨਿਟੀ ਕਲੱਬ ਵੱਲੋਂ ਰੱਖੜੀ ਦੇ ਤਿਉਹਾਰ ਦੇ ਮੌਕੇ 'ਤੇ **ਰਾਖੀ ਬੁਣਾਈ** ਵਰਕਸ਼ਾਪ ਦਾ ਆਯੋਜਨ ਕੀਤਾ ਗਿਆ।

ਮਿਤੀ 04 ਤੋਂ 13 ਸਤੰਬਰ 2023 ਨੂੰ ਪੀ.ਜੀ. ਡਿਪਾਰਟਮੈਂਟ ਆਫ਼ ਡਿਜ਼ਾਇਨਿੰਗ ਐਂਡ ਹੋਮ ਸਾਇੰਸ ਵੱਲੋਂ Nutri Cereals (Millets) 'ਤੇ ਸੱਤ ਰੋਜ਼ਾ **Cookery Workshop** ਲਗਾਈ ਗਈ। ਇਹ ਵਰਕਸ਼ਾਪ ਸਤੰਬਰ ਮਹੀਨੇ ਨੂੰ ਰਾਸ਼ਟਰੀ ਪੋਸ਼ਣ ਮਾਹ ਵਜੋਂ ਮਨਾਉਣ ਤਹਿਤ ਲਗਾਈ ਗਈ।

ਮਿਤੀ 06 ਅਕਤੂਬਰ 2023 ਨੂੰ ਪੀ.ਜੀ. ਡਿਪਾਰਟਮੈਂਟ ਆਫ਼ ਫੈਸ਼ਨ ਡਿਜ਼ਾਇਨਿੰਗ ਅਤੇ ਹੋਮ ਸਾਇੰਸ ਵੱਲੋਂ **Working of Fully Automatic Sewing Machines** ਵਿਸ਼ੇ 'ਤੇ ਇੱਕ ਰੋਜ਼ਾ ਵਰਕਸ਼ਾਪ ਲਗਾਈ ਗਈ।

ਮਿਤੀ 31 ਅਕਤੂਬਰ 2023 ਨੂੰ ਸਕੂਲ ਆਫ਼ ਕਾਮਰਸ ਐਂਡ ਮੈਨੇਜਮੈਂਟ ਵੱਲੋਂ **ਮਹਿੰਦੀ ਦੀ ਕਲਾ** ਵਿਸ਼ੇ 'ਤੇ ਵਰਕਸ਼ਾਪ ਲਗਾਈ ਗਈ।

ਮਿਤੀ 07 ਨਵੰਬਰ 2023 ਨੂੰ ਸਕੂਲ ਆਫ਼ ਕਾਮਰਸ ਐਂਡ ਮੈਨੇਜਮੈਂਟ ਵੱਲੋਂ **Creative Illumination: Diya Decoration Workshop** ਲਗਾਈ ਗਈ।

ਮਿਤੀ 21 ਨਵੰਬਰ 2023 ਨੂੰ ਬੀ.ਵਾਕ. ਫੂਡ ਪ੍ਰੋਸੈਸਿੰਗ ਐਂਡ ਇੰਜਨੀਅਰਿੰਗ ਵੱਲੋਂ **ਪਰਫ਼ੈਕਟ ਬੇਕਿੰਗ** ਵਿਸ਼ੇ 'ਤੇ ਇੱਕ ਰੋਜ਼ਾ ਵਰਕਸ਼ਾਪ ਲਗਾਈ ਗਈ। ਇਸ ਵਰਕਸ਼ਾਪ ਦੌਰਾਨ ਜੌਗਰਫ਼ੀ ਵਿਭਾਗ ਦੇ ਮੁਖੀ ਡਾ. ਗੋਰਖ ਸਿੰਘ ਨੇ ਵਿਦਿਆਰਥੀਆਂ ਨੂੰ ਬੇਕਰੀ ਉਦਯੋਗ ਨਾਲ ਸਬੰਧਤ ਕਾਰੋਬਾਰ ਸ਼ੁਰੂ ਕਰਨ ਲਈ ਪ੍ਰੇਰਿਤ ਕੀਤਾ।

ਮਿਤੀ 29 ਜਨਵਰੀ 2024 ਨੂੰ ਅੰਗ੍ਰੇਜ਼ੀ ਵਿਭਾਗ ਦੀ ਇੰਗਲਿਸ਼ ਲਿਟਰੇਰੀ ਸੋਸਾਇਟੀ ਵੱਲੋਂ **One Day Workshop on Capacity Enhancement Through Speaking Skills** ਲਗਾਈ ਗਈ। ਇਸ ਵਰਕਸ਼ਾਪ ਦੌਰਾਨ ਵਿਭਾਗ ਦੇ ਅਧਿਆਪਕ ਸਾਹਿਬਾਨ ਨੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ।

ਮਿਤੀ 31 ਜਨਵਰੀ ਤੋਂ 20 ਫ਼ਰਵਰੀ 2024 ਨੂੰ ਅੰਗ੍ਰੇਜ਼ੀ ਵਿਭਾਗ ਦੀ ਇੰਗਲਿਸ਼ ਲਿਟਰੇਰੀ ਸੋਸਾਇਟੀ ਵੱਲੋਂ **Two Week Workshop on Skill Development** ਲਗਾਈ ਗਈ। ਇਸ ਵਰਕਸ਼ਾਪ ਦੌਰਾਨ **Monologus, Poetry Recitation, Jingle, Dialogue, Elocution, Extempore, Role Play** ਅਤੇ **Play Enactment Skills** ਸਿਖਾਈਆਂ ਗਈਆਂ।

ਮਿਤੀ 06 ਫ਼ਰਵਰੀ 2024 ਨੂੰ ਡਾ. ਗੰਡਾ ਸਿੰਘ ਕਰੀਅਰ ਡਾਈਡੈਂਸ, ਕਾਊਂਸਲਿੰਗ ਐਂਡ ਪਲੇਸਮੈਂਟ ਸੈੱਲ ਵੱਲੋਂ ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਦੇ ਸਹਿਯੋਗ ਨਾਲ ਪੰਜਾਬ ਰਾਜ ਵਿੱਚ ਊਰਜਾ ਸੰਭਾਲ ਸਪਤਾਹ (05 ਤੋਂ 09 ਫ਼ਰਵਰੀ 2024) ਦੇ ਤਹਿਤ **Capacity Building Training Workshop on Energy Conservation and Energy Efficiency** ਲਗਾਈ ਗਈ।

ਮਿਤੀ 02 ਫ਼ਰਵਰੀ 2024 ਨੂੰ ਫ਼ੂਡ ਪ੍ਰੋਸੈਸਿੰਗ ਐਂਡ ਇੰਜਨੀਅਰਿੰਗ ਵਿਭਾਗ ਵੱਲੋਂ **ਕੁਦਰਤੀ ਸ਼ਹਿਦ ਦੀ ਪ੍ਰੋਸੈਸਿੰਗ ਅਤੇ ਸ਼ੁੱਧਤਾ** ਅਤੇ **ਖਾਣ ਵਾਲੇ ਤੇਲ ਦੀ ਪ੍ਰੋਸੈਸਿੰਗ ਵਿੱਚ ਚੁਣੌਤੀਆਂ ਅਤੇ ਖੇਤਰ ਵਿੱਚ ਨਵੀਆਂ ਖੋਜਾਂ** ਵਿਸ਼ੇ 'ਤੇ ਇੱਕ ਰੋਜ਼ਾ ਵਰਕਸ਼ਾਪ ਲਗਾਈ ਗਈ। ਇਸ ਮੌਕੇ Shakti API Foods Pvt. Ltd. ਮਲੇਰਕੋਟਲਾ ਤੋਂ **ਡਾ. ਯਾਦਵਿੰਦਰ ਕੁਮਾਰ, ਸ਼੍ਰੀ ਪੰਕਜ ਸ਼ਰਮਾ** ਅਤੇ **ਮਿਸ ਭਾਵਿਕਾ ਰਾਏ** (ਸਹਾਇਕ ਦਰਸ਼ਨ ਕਿਉ.ਏ.) ਨੇ ਵਿਦਿਆਰਥੀਆਂ ਨੂੰ ਫ਼ੂਡ ਇੰਡਸਟਰੀ ਵਿੱਚ ਕਰੀਅਰ ਦੇ ਮੌਕਿਆਂ ਬਾਰੇ ਮਾਰਗ-ਦਰਸ਼ਨ ਕੀਤਾ ਅਤੇ ~~ਖਾਣ ਵਾਲੇ ਤੇਲ ਦੇ ਸੰਵੇਦੀ~~ ਮੁਲਾਂਕਣ ਅਤੇ ਲੈਬ ਵਿੱਚ ਤੇਲ ਦੀ ਸ਼ੁੱਧਤਾ ਦੀ ਜਾਂਚ ਬਾਰੇ ਸਿਖਲਾਈ ਦਿੱਤੀ।

ਮਿਤੀ 02 ਫ਼ਰਵਰੀ 2024 ਨੂੰ ਬਾਇਓਟੈਕਨਾਲੋਜੀ ਵਿਭਾਗ ਵੱਲੋਂ **Sensury Evaluation of Honey and Edible Oil** ਵਿਸ਼ੇ 'ਤੇ ਇੱਕ ਰੋਜ਼ਾ ਵਰਕਸ਼ਾਪ ਲਗਾਈ ਗਈ। ਇਸ ਵਰਕਸ਼ਾਪ ਦੌਰਾਨ **Shakti Foods Pvt. Ltd.** ਵਿੱਚ ਮੈਨੇਜਰ ਦੇ ਤੌਰ 'ਤੇ ਕੰਮ ਕਰ ਰਹੇ **ਡਾ. ਯਾਦਵਿੰਦਰ ਕੁਮਾਰ ਅਤੇ ਸ਼੍ਰੀ ਪੰਕਜ ਸ਼ਰਮਾ** ਨੇ ਸ਼ਿਰਕਤ ਕੀਤੀ।

ਮਿਤੀ 08 ਫ਼ਰਵਰੀ 2024 ਨੂੰ ਸਕੂਲ ਆਫ਼ ਕਾਮਰਸ ਐਂਡ ਮੈਨੇਜਮੈਂਟ ਵੱਲੋਂ **ਵਣਜ ਅਤੇ ਪ੍ਰਬੰਧਨ ਵਿੱਚ ਉੱਭਰਦੇ ਮੌਕੇ** ਵਿਸ਼ੇ 'ਤੇ ਅੰਤਰਰਾਸ਼ਟਰੀ ਵਰਕਸ਼ਾਪ ਲਗਾਈ ਗਈ।

ਮਿਤੀ 08 ਤੋਂ 09 ਫ਼ਰਵਰੀ 2024 ਨੂੰ ਫ਼ਾਇਨ ਆਰਟਸ ਵਿਭਾਗ ਅਤੇ ਕਿਰਤ ਕਲੱਬ ਵੱਲੋਂ ਸਾਂਝੇ ਤੌਰ 'ਤੇ ਗੁਰਮੁੱਖੀ ਅਖ਼ਰਕਾਰੀ **ਧਨੁੰ ਸੁ ਕਾਗਦੁ ਕਲਮੁ ਧੰਨੁ** ਵਿਸ਼ੇ 'ਤੇ ਦੋ ਰੋਜ਼ਾ ਵਰਕਸ਼ਾਪ ਲਗਾਈ ਗਈ। ਇਸ ਮੌਕੇ **ਸ. ਸਤਵਿੰਦਰ ਸਿੰਘ ਟੌਹੜਾ**, ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਪ੍ਰਸਿੱਧ

ਗੁਰਮੁੱਖੀ ਅੱਖਰਕਾਰ **ਸ. ਹਰਦੀਪ ਸਿੰਘ** ਨੇ ਰਿਸੋਰਸ ਪਰਸਨ ਦੇ ਤੌਰ 'ਤੇ ਸ਼ਮੂਲੀਅਤ ਕੀਤੀ ਅਤੇ ਵਿਦਿਆਰਥੀਆਂ ਨੂੰ ਅੱਖ਼ਰਕਾਰੀ ਦੀਆਂ ਬਾਰੀਕੀਆਂ ਬਾਰੇ ਦੱਸਿਆ।

ਮਿਤੀ 19 ਤੋਂ 20 ਫ਼ਰਵਰੀ 2024 ਨੂੰ ਥੀਏਟਰ ਸਟੱਡੀਜ਼ ਵਿਭਾਗ ਵੱਲੋਂ ਦੋ ਰੋਜ਼ਾ **ਮੇਕਅੱਪ ਵਰਕਸ਼ਾਪ** ਲਗਾਈ ਗਈ।

ਮਿਤੀ 22 ਤੋਂ 23 ਫ਼ਰਵਰੀ 2024 ਨੂੰ ਪੀ.ਜੀ. ਕੰਪਿਊਟਰ ਸਾਇੰਸ ਵਿਭਾਗ ਦੇ ਕੰਪਿਊਟੋਨਿਕਸ ਕਲੱਬ ਵੱਲੋਂ **Two Days Workshop on Python Programming** ਲਗਾਈ ਗਈ। ਇਸ ਮੌਕੇ ਵਿਸ਼ਾ ਮਾਹਿਰਾਂ ਦੁਆਰਾ ਵਿਦਿਆਰਥੀਆਂ ਨੂੰ **Solitarie Infosys Company** ਸਬੰਧੀ ਵਡਮੁੱਲੀ ਜਾਣਕਾਰੀ ਦਿੱਤੀ।

ਮਿਤੀ 28 ਫ਼ਰਵਰੀ 2024 ਨੂੰ ਖੇਤੀਬਾੜੀ ਵਿਭਾਗ ਦੁਆਰਾ ਕੈਂਪਸ ਫ਼ਾਰ ਰਿਸਰਚ ਐਂਡ ਐਡਵਾਂਸਡ ਸਟੱਡੀਜ਼, ਧਬਲਾਨ ਵਿਖੇ **ਵਰਮੀਕੰਪੋਸਟ** ਵਿਸ਼ੇ 'ਤੇ ਵਰਕਸ਼ਾਪ ਲਗਾਈ ਗਈ।

ਮਿਤੀ 22 ਮਾਰਚ 2024 ਨੂੰ ਵਿਦਿਆਰਥੀ ਭਲਾਈ ਕਮੇਟੀ (ਲੜਕੀਆਂ) ਅਤੇ ਨੰਨ੍ਹੀ ਛਾਂ ਸੈੱਲ ਵੱਲੋਂ **ਇੱਕ ਰੋਜ਼ਾ ਆਰਟਿਸਟਰੀ** ਵਰਕਸ਼ਾਪ ਲਗਾਈ ਗਈ। ਇਸ ਵਰਕਸ਼ਾਪ ਦਾ ਆਯੋਜਨ ਸਕੂਲ ਆਫ਼ ਕਾਮਰਸ ਐਂਡ ਮੈਨੇਜਮੈਂਟ ਵੱਲੋਂ ਆਯੋਜਿਤ ਕੀਤੇ ਗਏ ਸਪ੍ਰਿੰਗ ਸਪ੍ਰੀ ਫੈਸਟ-2024 ਦੌਰਾਨ ਕੀਤਾ ਗਿਆ। ਇਹ ਵਰਕਸ਼ਾਪ ਆਯੋਜਿਤ ਕਰਨ ਦਾ ਮੁੱਖ ਮਕਸਦ ਵਿਦਿਆਰਥੀਆਂ ਦੇ ਹੁਨਰ ਦਾ ਪ੍ਰਦਰਸ਼ਨ ਕਰਨਾ ਅਤੇ ਉਹਨਾਂ ਨੂੰ ਰੁਜ਼ਗਾਰ ਦਾ ਇੱਕ ਸੁਨਹਿਰੀ ਮੌਕਾ ਮੁਹੱਈਆ ਕਰਵਾਉਣਾ ਸੀ। ਇਸ ਵਰਕਸ਼ਾਪ ਦੌਰਾਨ ਵਿਦਿਆਰਥੀਆਂ ਨੇ ਮਹਿੰਦੀ ਕਲਾ, ਅਸਥਾਈ ਟੈਟੂ ਬਣਾਉਣ ਦੀ ਕਲਾ, ਨੇਲ ਆਰਟ ਅਤੇ ਮੌਕੇ 'ਤੇ ਕਾਰਟੂਨਿੰਗ ਚਿੱਤਰ ਬਣਾਉਣੇ ਆਦਿ ਕਲਾਵਾਂ ਵਿੱਚ ਆਪਣੇ ਹੁਨਰ ਦਾ ਪ੍ਰਦਰਸ਼ਨ ਕੀਤਾ।

## 11. ਕਾਲਜ ਵੱਲੋਂ ਆਯੋਜਿਤ ਟ੍ਰੇਨਿੰਗ ਪ੍ਰੋਗਰਾਮ:

### 11.1 ਕਾਲਜ ਵੱਲੋਂ ਆਯੋਜਿਤ ਟੀਚਰ ਟ੍ਰੇਨਿੰਗ ਪ੍ਰੋਗਰਾਮ:

ਮਿਤੀ 03 ਤੋਂ 12 ਜਨਵਰੀ 2024 ਨੂੰ **ਮਾਲਵੀਆ ਮਿਸ਼ਨ ਟੀਚਰ ਟ੍ਰੇਨਿੰਗ ਪ੍ਰੋਗਰਾਮ** ਦੇ ਤਹਿਤ ਕਾਲਜ ਦੇ ਆਈ.ਕਿਊ.ਏ.ਸੀ. ਵੱਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਹਿਯੋਗ ਨਾਲ ਆਯੋਜਿਤ ਕੀਤੇ ਗਏ **NEP ਸਿਖਲਾਈ ਪ੍ਰੋਗਰਾਮ** ਦੌਰਾਨ 20 ਫੈਕਲਟੀ ਮੈਂਬਰਾਂ ਨੇ **NEP 2020 Orientation and Sensitization Programme** ਵਿੱਚ ਭਾਗ ਲਿਆ।

ਮਿਤੀ 22 ਤੋਂ 30 ਅਪ੍ਰੈਲ 2024 ਨੂੰ ਕਾਲਜ ਦੇ ਆਈ. ਕਿਊ.ਏ.ਸੀ. ਵੱਲੋਂ **Effective Use of ICT in Office Management** ਵਿਸ਼ੇ 'ਤੇ ਆਯੋਜਿਤ ਕੀਤੇ ਗਏ **ਸੱਤ ਰੋਜ਼ਾ ਸਟਾਫ ਸਿਖਲਾਈ ਪ੍ਰੋਗਰਾਮ** ਦੌਰਾਨ 16 ਸਟਾਫ਼ ਮੈਂਬਰ ਸਾਹਿਬਾਨ ਨੇ ਸ਼ਮੂਲੀਅਤ ਕੀਤੀ। ਇਸ ਪ੍ਰੋਗਰਾਮ ਦੌਰਾਨ ਸਿਸਟਮ ਐਨਾਲਿਸਟ **ਸ. ਇੰਦਰਦੀਪ ਸਿੰਘ** ਨੇ **Resource Person** ਦੇ ਤੌਰ 'ਤੇ ਸ਼ਮੂਲੀਅਤ ਕੀਤੀ।

### 11.2 ਕਾਲਜ ਵੱਲੋਂ ਆਯੋਜਿਤ ਵਿਦਿਆਰਥੀਆਂ ਲਈ ਟ੍ਰੇਨਿੰਗ ਪ੍ਰੋਗਰਾਮ:

ਮਿਤੀ 07 ਤੋਂ 12 ਅਗਸਤ 2023 ਤੱਕ ਸਕੱਤਰ ਸਿੱਖਿਆ, ਡਾਇਰੈਕਟੋਰੇਟ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸੈੱਲ ਵੱਲੋਂ ਮਹਿੰਦਰਾ-ਪ੍ਰਾਈਡ ਕਲਾਸ ਰੂਮ, ਨੰਦੀ ਦੇ ਸਹਿਯੋਗ ਨਾਲ ਵਿਦਿਆਰਥੀਆਂ ਲਈ **Employability** ਵਿਸ਼ੇ 'ਤੇ **ਛੇ ਰੋਜ਼ਾ ਸਿਖਲਾਈ ਪ੍ਰੋਗਰਾਮ** ਆਯੋਜਿਤ ਕੀਤਾ ਗਿਆ।

ਮਿਤੀ 04-06 ਸਤੰਬਰ 2023 ਤੱਕ ਸਕੱਤਰ ਵਿੱਦਿਆ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਵਿਦਿਆਰਥੀਆਂ ਦੇ 02 ਬੈਚ ਲਈ **Friends Union for Energizing Lives (FUEL)** ਦੇ ਸਹਿਯੋਗ ਨਾਲ **Communication Skills and Analytical Skills** ਵਿਸ਼ੇ 'ਤੇ **03 ਰੋਜ਼ਾ ਸਿਖਲਾਈ ਪ੍ਰੋਗਰਾਮ** ਆਯੋਜਿਤ ਕੀਤਾ ਗਿਆ।

## 12. ਕਾਲਜ ਵੱਲੋਂ ਆਯੋਜਿਤ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ:

ਮਿਤੀ 22 ਤੋਂ 30 ਅਪ੍ਰੈਲ 2024 ਨੂੰ **Building Cultural Awareness and Sensitivity** ਵਿਸ਼ੇ 'ਤੇ ਆਯੋਜਿਤ ਕੀਤੇ ਗਏ **ਸੱਤ ਰੋਜ਼ਾ ਫੈਕਲਟੀ ਵਿਕਾਸ ਪ੍ਰੋਗਰਾਮ** ਦੌਰਾਨ 18 ਫੈਕਲਟੀ ਮੈਂਬਰਾਂ ਨੇ ਭਾਗ ਲਿਆ। ਇਸ ਦੌਰਾਨ **ਪ੍ਰੋ. ਸੰਦੀਪ ਚਹਿਲ** ਅਤੇ **ਡਾ. ਦਵਿੰਦਰ ਸਿੰਘ** ਨੇ **Resource Person** ਦੇ ਤੌਰ 'ਤੇ ਸ਼ਮੂਲੀਅਤ ਕੀਤੀ।

## 13. ਅਧਿਆਪਕਾਂ ਵੱਲੋਂ ਅੰਤਰਰਾਸ਼ਟਰੀ/ਰਾਸ਼ਟਰੀ/ਰਾਜ ਪੱਧਰੀ/ਜ਼ਿਲ੍ਹਾ ਪੱਧਰੀ/ਕਾਲਜ ਪੱਧਰੀ ਕਾਨਫ਼ਰੰਸਾਂ ਵਿੱਚ ਪੇਪਰ ਪ੍ਰਸਤੁਤੀ:

| ਲੜੀ ਨੰ: | ਅਧਿਆਪਕ ਦਾ ਨਾਂ | ਕਾਨਫ਼ਰੰਸ ਦਾ ਨਾਂ | ਖੋਜ ਪੱਤਰ ਦਾ ਨਾਂ | ਆਯੋਜਿਤ ਕਰਨ ਵਾਲੀ ਸੰਸਥਾ ਦਾ ਨਾਂ | ਮਿਤੀ/ ਮਹੀਨਾ/ ਸਾਲ | ਪੱਧਰ: ਅੰਤਰਰਾਸ਼ਟਰੀ/ ਰਾਸ਼ਟਰੀ/ਰਾਜ/ ਜ਼ਿਲ੍ਹਾ/ਕਾਲਜ |
|---|---|---|---|---|---|---|
| 1. | ਡਾ. ਨਮਰਤਾ ਸਿੰਗਲਾ | XXIX International Conference at International Academy of Physical Science. | Solution of fuzzy game in Pythagorean Environment | ਸ਼ਿਵਾਲਿਕ ਕਾਲਜ ਆਫ਼ ਇੰਜਨਰਿੰਗ ਦੇਹਰਾਦੂਨ | 21 ਤੋਂ 23 ਜੁਲਾਈ 2023 | ਅੰਤਰਰਾਸ਼ਟਰੀ |
| 2. | ਡਾ. ਮੰਜੂ ਮਿੱਤਲ | Digital Transformation for Business Sustainability and Growth | Content Analysis: A Study of Organisational Support. | ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ | 18 ਅਗਸਤ 2023 | ਅੰਤਰਰਾਸ਼ਟਰੀ |
| 3. | ਡਾ. ਮਨਸਿਮਰਨ ਕੌਰ ਰੰਧਾਵਾ, ਅਰਪਿਤ ਸ਼ਰਮਾ ਅਤੇ ਅਭਿਨਵ ਸਕਸੈਨਾ | Third International Scientific Conference on Environmental | Sustainability Unveiled: A Review of Pectin Based Edible Coating | European Academy of Environmental Science | 01 ਤੋਂ 02 ਦਸੰਬਰ 2023 | ਅੰਤਰਰਾਸ਼ਟਰੀ |

| | | | | | | |
|---|---|---|---|---|---|---|
| | | Research Issues, Challenges And Strategies for Sustainable Development And Livelihood Security At Karwar, Karnataka | For Green Food Packaging | | | |
| 4. | ਡਾ. ਵੰਦਨਾ ਕਪੂਰ | 5ਵੀਂ ਜਗਤ ਪੰਜਾਬੀ ਕਾਨਫ਼ਰੰਸ | ਵਿਸ਼ਵੀਕਰਨ ਦੇ ਦੌਰ ਵਿੱਚ ਪੰਜਾਬੀ ਫਿਲਮਾਂ ਵਿੱਚ ਪੰਜਾਬੀ ਸਭਿਆਚਾਰ ਨੂੰ ਲੈ ਕੇ ਚੁਣੌਤੀਆਂ | ਜਗਤ ਪੰਜਾਬੀ ਆਰਗੇਨਾਈ–ਜੇਸ਼ਨ | 22 ਅਪ੍ਰੈਲ 2024 | ਅੰਤਰਰਾਸ਼ਟਰੀ |

## 14. ਅਧਿਆਪਕਾਂ ਵੱਲੋਂ ਅੰਤਰਰਾਸ਼ਟਰੀ/ਰਾਸ਼ਟਰੀ/ਰਾਜ ਪੱਧਰੀ/ਜ਼ਿਲ੍ਹਾ ਪੱਧਰੀ/ਕਾਲਜ ਪੱਧਰੀ ਸੈਮੀਨਾਰਾਂ ਵਿੱਚ ਪੇਪਰ ਪ੍ਰਸਤੁਤੀ:

| ਲੜੀ ਨੰ: | ਅਧਿਆਪਕ ਦਾ ਨਾਂ | ਸੈਮੀਨਾਰ ਦਾ ਨਾਂ | ਖੋਜ ਪੱਤਰ ਦਾ ਟਾਈਟਲ | ਆਯੋਜਿਤ ਕਰਨ ਵਾਲੀ ਸੰਸਥਾ ਦਾ ਨਾਂ | ਮਿਤੀ/ ਮਹੀਨਾ/ ਸਾਲ | ਪੱਧਰ: ਅੰਤਰਰਾਸ਼ਟਰੀ/ ਰਾਸ਼ਟਰੀ/ਰਾਜ/ ਜ਼ਿਲ੍ਹਾ/ਕਾਲਜ |
|---|---|---|---|---|---|---|
| 1. | ਡਾ.ਮਨਵੀਰ ਕੌਰ | Indian Impact on Contemporary Assian Art | Amrita Sher-Gill-The Leading Woman of Indian Art | ਜੇ.ਕੇ.ਪੀ.ਪੀਜੀ ਕਾਲਜ, ਮੁਜ਼ੱਫਰਨਗਰ, ਯੂ.ਪੀ. | 05 ਫ਼ਰਵਰੀ 2024 | ਅੰਤਰਰਾਸ਼ਟਰੀ |
| 2. | ਡਾ. ਵੰਦਨਾ ਕਪੂਰ | ਇੱਕ ਰੋਜ਼ਾ ਅੰਤਰਰਾਸ਼ਟਰੀ ਸੈਮੀਨਾਰ | ਪੰਜਾਬੀ ਸਾਹਿਤ ਦੇ ਵਿਕਾਸ ਵਿੱਚ ਰੰਗਮੰਚੀ ਇਸਤਰੀ ਕਲਾਕਾਰਾਂ ਦਾ ਯੋਗਦਾਨ | ਖ਼ਾਲਸਾ ਕਾਲਜ ਫ਼ਾਰ ਵਿਮੈਨ, ਸਿੱਧਵਾਂ ਖੁਰਦ | 06 ਫ਼ਰਵਰੀ 2024 | ਅੰਤਰਰਾਸ਼ਟਰੀ |
| 3. | ਡਾ.ਵੰਦਨਾ ਕਪੂਰ | ਇੱਕ ਰੋਜ਼ਾ ਰਾਸ਼ਟਰੀ ਸੈਮੀਨਾਰ | ਪੰਜਾਬੀ ਸਭਿਆਚਾਰ ਅਤੇ ਲੋਕ ਕਲਾਵਾਂ: ਵਿਰਸਾ ਅਤੇ ਵਰਤਮਾਨ | ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਫ਼ਾਰ ਵਿਮੈਨ, ਝਾੜ ਸਾਹਿਬ (ਲੁਧਿਆਣਾ) | 25 ਜਨਵਰੀ 2024 | ਰਾਸ਼ਟਰੀ |

| | | | | | | |
|---|---|---|---|---|---|---|
| 4. | ਡਾ. ਮਨਵੀਰ ਕੌਰ | Relevance of Ancient Indian Art And Culture In Present Era | Indian Art And Religion | Rani Bhagyawati Devi Mahila Mahavidyalaya, Bijnor, UP | 30 ਮਈ 2024 | ਰਾਸ਼ਟਰੀ |

## 15. ਅਧਿਆਪਕਾਂ ਦੇ ਰਾਸ਼ਟਰੀ/ਅੰਤਰਰਾਸ਼ਟਰੀ ਜਰਨਲਾਂ ਵਿੱਚ ਪ੍ਰਕਾਸ਼ਿਤ ਖੋਜ ਪੱਤਰ:

| ਲੜੀ ਨੰ: | ਅਧਿਆਪਕ ਦਾ ਨਾਂ | ਖੋਜ ਪੱਤਰ ਦਾ ਨਾਂ | ਜਰਨਲ ਦਾ ਨਾਂ | Vol. ISBN,ISSN, Page No. | Month/ Year | ਪੱਧਰ: ਅੰਤਰਰਾਸ਼ਟਰੀ/ ਰਾਸ਼ਟਰੀ/ਜ਼ਿਲ੍ਹਾ/ ਕਾਲਜ |
|---|---|---|---|---|---|---|
| 1 | ਡਾ. ਮਨਵੀਰ ਕੌਰ | Sikh Art of British Period | Phalanx: A Quarterly Review for Continuing Debate | Vol:18, No.2 Page No.18-21 | ਅਪ੍ਰੈਲ ਤੋਂ ਜੂਨ 2023 | |
| 2 | ਪ੍ਰੋ. ਨਮਰਤਾ | Matrix games under Phthagorean fuzzy environment with self-confidence levels: Formulation and Solution Approach. | Soft Computing | Vol:10, ISBN:1007/ 500500-023-08785-7, Page No.1-23 | ਜੁਲਾਈ 2023 | ਅੰਤਰਰਾਸ਼ਟਰੀ |
| 3 | ਡਾ. ਜਸਵਿੰਦਰ ਸਿੰਘ (ਪੰਜਾਬੀ ਵਿਭਾਗ) | ਗੁਰੂ ਨਾਨਕ ਬਾਣੀ ਚਿੰਤਨ ਦੇ ਸਮਕਾਲੀ ਸਮਾਜਿਕ ਸਰੋਕਾਰ | Guru Teg Bahadur Journal of Religious Studies | Vol: X Issue: I ISSN:2454-8995 Page No.135-139 | ਅਗਸਤ 2023 | ਰਾਸ਼ਟਰੀ |
| 4. | ਡਾ. ਹਰਪ੍ਰੀਤ ਕੌਰ (ਐਗਰੀਕਲਚਰ ਵਿਭਾਗ) | From lab to Land: Applications and Challenges of Bio-fertilizer | International Journal for Multidisciplinary Research | Vol-5 (6) E-ISSN:2582-2160,Page No.1-14 | 2023 | ਰਾਸ਼ਟਰੀ |
| 5 | ਡਾ. ਹਰਪ੍ਰੀਤ ਕੌਰ (ਐਗਰੀਕਲਚਰ ਵਿਭਾਗ) | Management of Diseases in Legomes through Organic Approaches: A Review | International Journal of Creative thoughts | 11(12) ISSN: 2320-2882, Page No.1-8 | 2023 | ਰਾਸ਼ਟਰੀ |
| 6 | ਪ੍ਰੋ. ਹਰਪ੍ਰੀਤ ਕੌਰ | Solution of Job Sequencing in Intuitionistic Fuzzy Environment | Journal of Namibian Studies (Special Issue on Engineering, Technology and Sciences) | Vol-35(2023) ISSN-2197-5523, Page No. 317-324 | 2023 | ਅੰਤਰਰਾਸ਼ਟਰੀ |

| | | | | | | |
|---|---|---|---|---|---|---|
| 7 | ਡਾ. ਮਨਵੀਰ ਕੌਰ | ਭਾਈ ਵੀਰ ਸਿੰਘ ਦੀਆਂ ਕਵਿਤਾਵਾਂ ਵਿੱਚ ਸੌਂਦਰਿਆਤਮਕ ਚੇਤਨਾ | ਸ਼ੀਰਾਜ਼ਾ | Page No.157-162 | ਨਵੰਬਰ ਤੋਂ ਦਸੰਬਰ 2023 | |
| 8 | ਡਾ. ਆਇਸ਼ਾ ਖੋਸਲਾ | Trying to Savour the Bitter-Sweet Memories: Rohintan Mistry and his Novels with Special Reference to such a Long Journey | Literary Cognizance | Vol: IV Issue-3 ISSN:2395-7522(online), Page No.30 | ਦਸੰਬਰ 2023 | ਅੰਤਰਰਾਸ਼ਟਰੀ |
| 9 | ਡਾ. ਸਰਬਜੀਤ ਸਿੰਘ (ਪੰਜਾਬੀ ਵਿਭਾਗ) | ਫੇਸ ਟੂ ਫੇਸ (ਪੁਸਤਕ ਰਵਿਊ) | ਸੰਵਾਦ | Vol:18, ISBN:2395-1273, Page No. 162-164 | ਦਸੰਬਰ 2023 | ਅੰਤਰਰਾਸ਼ਟਰੀ |
| 10 | ਪ੍ਰੋ. ਸੋਨਦੀਪ ਕੌਰ | Perception of Customers towards Health Insurance Policies During Covid-19 Pandemic in the State of Punjab. | International Journal of Interdisciplinary Organizational Studies | Vol:18, Issue:2 ISSN:2324-7657, PP: 668-703, Scopus Indexed, UGC Care list-II | ਦਸੰਬਰ 2023 | ਅੰਤਰਰਾਸ਼ਟਰੀ |
| 11 | ਪ੍ਰੋ. ਸੋਨਦੀਪ ਕੌਰ | Comparative Study of Sales and Marketing Strategies of Health Insurance Companies during Covid-19 in the State of Punjab | Change Management: An International Journal | Vol:23, Issue:2 ISSN:2327-9176, PP: 358-379, Scopus Indexed, UGC Care list-II | ਦਸੰਬਰ 2023 | ਅੰਤਰਰਾਸ਼ਟਰੀ |
| 12 | ਡਾ. ਰੂਪੀ ਧੀਰ | Synthesis And Antioxidant Ability of Novel Tellurium assisted unusual coordination number Copper Complex of Pyridine Based Organotellurium Compound | Journal of Organometallic Chemistry | ISSN: 0022-328x,123021 | ਜਨਵਰੀ 2024 | ਅੰਤਰਰਾਸ਼ਟਰੀ |
| 13 | ਡਾ. ਭਰਤ ਗੋਇਲ | Novel Heuristic Approach to Minimize Total Waiting Time of Jobs in Two Stage Flow Shop Scheduling | AIP Conference Proceedings | ISBN: 978-0-7354-4816-2 | ਜਨਵਰੀ 2024 | ਅੰਤਰਰਾਸ਼ਟਰੀ |

| | | | | | | |
|---|---|---|---|---|---|---|
| 14 | ਡਾ. ਨਿਪੁੰਨਜੋਤ ਕੌਰ | Statistical Experimental Design for Bioprocess Optimization: A Foundation to Artificial Intelligence | Indian Journal of Applied Research | ISSN: 2245-555 | ਫ਼ਰਵਰੀ 2024 | |
| 15 | ਡਾ. ਮਨਵੀਰ ਕੌਰ | ਗੁਰਦੁਆਰਾ ਪੋਥੀਮਾਲਾ ਦੇ ਕੰਧ ਚਿੱਤਰਾਂ ਦਾ ਕਲਾਤਮਿਕ ਅਧਿਐਨ | ਆਬਰੂ | Page No.97-99 | ਜਨਵਰੀ ਤੋਂ ਮਾਰਚ 2024 | |
| 16 | ਡਾ. ਰੂਪੀ ਧੀਰ | Porphyrin Metal Organic Frame Work Sensors for Chemical and Biological Sensing | Journal of Fluorescence | ISSN:1053-0509 | ਮਾਰਚ 2024 | ਅੰਤਰਰਾਸ਼ਟਰੀ |
| 17 | ਡਾ. ਭਰਤ ਗੋਇਲ | A Heuristic Approach to Minimize the Waiting Time of Jobs in Two Stage Flow Shop Scheduling | Operation Research and Decisions | 2391-6060 | ਮਾਰਚ 2024 | ਅੰਤਰਰਾਸ਼ਟਰੀ |
| 18. | ਡਾ. ਰੂਪੀ ਧੀਰ | Synthesis and Characterization of Novel Copper Carboxylate Complex and a Copper Complex Coated Polether Sulphone Membrane for Efficient Dee radiation of Methylene Blue Dye under UV Irradiation. | Dalton Transactions | ISSN:53,1477-9234 9441-9451 | ਮਈ 2024 | ਅੰਤਰਰਾਸ਼ਟਰੀ |
| 19 | ਡਾ. ਜਸਵਿੰਦਰ ਸਿੰਘ (ਪੰਜਾਬੀ ਵਿਭਾਗ) | ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ | Guru Teg Bahadur Journal of Religious Studies | Vol: XI Issue: II ISSN:2454-8995 Page No.194-197 | ਜਨਵਰੀ ਤੋਂ ਜੂਨ 2024 | ਰਾਸ਼ਟਰੀ |
| 20 | ਡਾ. ਹਰਪ੍ਰੀਤ ਕੌਰ (ਐਗਰੀਕਲਚਰ ਵਿਭਾਗ) | Effect of Different Dates of sowing and Organic Manures on the Production | Progressive Horticulture | 55(2) ISSN:0970-3020 Page No.182-185 | 2024 | ਰਾਸ਼ਟਰੀ |

| | | | | | | |
|---|---|---|---|---|---|---|
| | | Potential of Radish Raphanus Sativies | | | | |
| 21 | ਡਾ. ਗੁਰਸਿਮਰਜੀਤ ਕੌਰ | Public Expenditure on Higher Education in Punjab | Annals of Bhandarkar Oriental Research Institute | Vol: CC, ISSN:0378-1143 Page No.87-93 | 2024 | ਰਾਸ਼ਟਰੀ |

## 16. ਅਧਿਆਪਕਾਂ ਵੱਲੋਂ ਨਿੱਜੀ ਤੌਰ 'ਤੇ ਪ੍ਰਕਾਸ਼ਿਤ- ਖੋਜ/ਸੰਪਾਦਿਤ/ਲਿਪੀ ਅੰਤਰਨ ਪੁਸਤਕਾਂ:

| ਲੜੀ ਨੰ: | ਅਧਿਆਪਕ ਦਾ ਨਾਂ | ਪੁਸਤਕ ਦਾ ਨਾਂ | ਪਬਲਿਸ਼ਰ ਦਾ ਨਾਂ | ਸਟੇਟਸ | ISBN | Month/ Year |
|---|---|---|---|---|---|---|
| 1 | ਡਾ. ਹਰਵਿੰਦਰ ਕੌਰ | ਗੁਰੂ ਨਾਨਕ ਦੇਵ ਜੀ ਜੀਵਨ ਔਰ ਦਰਸ਼ਨ (ਹਿੰਦੀ, ਸੰਸਕ੍ਰਿਤ ਅਤੇ ਉਰਦੂ) | Dr. Dharminder Singh Ubha Dr. Harwinder Kaur | | ISBN: 978-93-84762-21-6 | 2023 |
| 2 | ਡਾ. ਗੁਰਸਿਮਰਜੀਤ ਕੌਰ | Recent Advances in Economics and Business Management | | | ISBN:978-81-19674-09-1 | 2023 |
| 3 | ਡਾ. ਗੋਰਖ ਸਿੰਘ | ਭੂ ਵਿਗਿਆਨ ਦੇ ਬੁਨਿਆਈ ਤੱਤ | SLM Publishers | | ISBN:978-93-91083-56-4 | ਸਤੰਬਰ 2023 |
| 4 | ਡਾ. ਗੋਰਖ ਸਿੰਘ | Fundamentals of Geomorphology | SLM Publishers | | ISBN: 978-93-91083-23-6 | ਅਕਤੂਬਰ 2023 |

## 17. ਅਧਿਆਪਕਾਂ ਦੇ ਵੱਖ-ਵੱਖ ਪੁਸਤਕਾਂ ਵਿੱਚ ਪ੍ਰਕਾਸ਼ਿਤ ਖੋਜ ਪੱਤਰ/ਆਰਟੀਕਲ/ਚੈਪਟਰ:

| ਲੜੀ ਨੰ: | ਅਧਿਆਪਕ ਦਾ ਨਾਂ | ਪੁਸਤਕ ਦਾ ਨਾਂ | ਖੋਜ ਪੱਤਰ/ਆਰਟੀਕਲ/ਚੈਪਟਰ ਦਾ ਵਿਸ਼ਾ | ਪਬਲਿਸ਼ਰ ਦਾ ਨਾਮ | ਮਿਤੀ/ ਮਹੀਨਾ/ ਸਾਲ | Vol, ISBN, ISSN, Page No. |
|---|---|---|---|---|---|---|
| 1 | ਡਾ. ਰੋਜ਼ੀ ਬਾਂਸਲ | Handbook of Research on Safe Disposal Methods of Municipal Solid Wastes for a Sustainable Environment | Impact of Solid Waste Disposal on Inland Water Wetlands: Solid Waste Management (030223-121843) | Global | ISBN13: 9781668481172 ISBN10:1668481170 EISBN13:9781668481196 DOI:10.40181 978-1-6684-8117-2. Ch020 | July 2023 |
| 2 | ਡਾ. ਮਨਸਿਮਰਨ ਕੌਰ ਰੰਧਾਵਾ, ਡਾ. ਅਰਪਿਤ | Peer Reviewed And Referred Current Research in | Nurturing Well-Being through Food Safety And Hygiene in the Food Industry | Integrated Publication New-Delhi | 26 ਸਤੰਬਰ 2023 | ISBN: 978-93-5834-292-5, Page No. 115-133 |

| | | | | | | |
|---|---|---|---|---|---|---|
| | ਸ਼ਰਮਾ ਅਤੇ ਡਾ. ਸ਼ੇਖ ਆਬਿਦ ਅਲੀ | Food Science Volume-5 Chief Editor- Dr. Ravindra Vasantrao Kale | | | | |
| 3 | ਰੁਪਿੰਦਰ ਪਾਲ ਸਿੰਘ, ਸੌਰਵ ਗੁਪਤਾ, ਅੰਮ੍ਰਿਤ ਸਿੰਘ, ਹਰਿੰਦਰਜੀਤ ਕੌਰ, ਯਾਦਵਿੰਦਰ ਸਿੰਘ, ਮਨਸਿਮਰਨ ਕੌਰ ਰੰਧਾਵਾ ਅਤੇ ਪਰਮਜੀਤ ਸਿੰਘ ਪਨੇਸਰ | Microbial Exopolysaccharides: Production and Application, edited by- Shashi Bhatia, P.S. Panesar And Sanjeet Mehariya | Exopolysaccharides From Marine Microbial Resources | CRC. Press Taylor and Francis Group | ਅਕਤੂਬਰ 2023 | 978-1-032-37941, Page No. 164-193 |
| 4 | ਡਾ. ਗੁਰਵੀਰ ਸਿੰਘ | Sri Guru Teg Bahadur's Martyrdom: A Symbol of Religious Co-existence | ਯਹ ਰੁਤਬੇ ਲਹੂ ਬਹਾ ਕੇ ਲੀਏ | Twenty First Century, Publication | 2023 | ISBN:978-93-94017-89-4, Page No. 46-51 |
| 5 | ਡਾ. ਜਸਵਿੰਦਰ ਸਿੰਘ | ਪੰਜਾਬ ਦਾ ਗੌਰਵ: ਪੁਆਧ | ਪੁਆਧ ਦੇ ਪ੍ਰਮੁੱਖ ਸਾਹਿਤਕਾਰ | ਤਰਲੋਚਨ ਪਬਲਿਸ਼ਰਜ਼ ਚੰਡੀਗੜ੍ਹ | 2023 | ISBN:978-93-95706-73-5, Page No. 294-304 |
| 6 | ਡਾ. ਮਨਵੀਰ ਕੌਰ | ਕਲਾ ਸੰਸਕ੍ਰਿਤੀ ਕੱਲ੍ਹ ਆਜ ਔਰ ਕੱਲ੍ਹ: An Edited Book of Articles | An Aesthetic Analysis of Sikh Illumination Art | Rashi Print-0-Park,UP | 2023 | ISBN:978-81-962380-0-1, Page No.119-127 |
| 7 | ਡਾ. ਗੋਰਖ ਸਿੰਘ | Punjab and Indian Freedom Struggle | The Educational and Structural Changes in Education during British Period in Punjab (1854-1919) | Gracious Books, Patiala | ਦਸੰਬਰ 2023 | ISBN-978-93-80210 |
| 8 | ਡਾ. ਗੋਰਖ ਸਿੰਘ | Recent Trends in Energy Conservation | Food Pollution And Toxicity | Pustak Bharti, Toronto, Canada | ਫ਼ਰਵਰੀ 2024 | ISBN:978-1-998027-07-1 |

| | | | | | | |
|---|---|---|---|---|---|---|
| 9 | ਡਾ. ਮਨਸਿਮਰਨ ਕੌਰ ਰੰਧਾਵਾ, ਡਾ. ਅਰਪਿਤ ਸ਼ਰਮਾ ਅਤੇ ਸ਼ੇਖ ਆਬਿਧ ਅਲੀ | Functional Foods, Neutraceuticals and Fortified Foods in human health and Disease Prevention Chief Editor- Dr. Neelesh Kumar Maurya | Exploring Functional Food as Immunomodulators in the context of Covid-19 Prevention and Managementaman | Akinik Publication | 15 ਮਾਰਚ 2024 | 978-93-6135-234-8, Page No.25-39 |
| 10 | ਡਾ. ਅਰਪਿਤ ਸ਼ਰਮਾ, ਡਾ. ਮਨਸਿਮਰਨ ਕੌਰ ਰੰਧਾਵਾ, ਡਾ. ਪਾਲਕੀ ਸਾਹਿਬ ਕੌਰ, ਅਮਨਦੀਪ ਸਿੰਘ ਅਤੇ ਡਾ. ਰੋਬਿਨ ਬਾਂਸਲ | Current Research in Food Science Volume -6 Chief Editor Dr. Jyoti Prabha Bishnoi | Nutritional Immunology: Exploring the Synergy of Nutrition and Immunalogy | Integrated Publication , New Delhi | 26 ਮਾਰਚ 2024 | 978-93-5834-315-1, Page No.19-36 |
| 11 | ਡਾ. ਮੰਜੂ ਮਿੱਤਲ | Education Across Borders: A Global Call For Diversity | Navigating Cultural Transition: A Study of Challenges And Coping Strategies Among International Students. | AZZ Edu. Learning Hub, Kerala | ਅਪ੍ਰੈਲ 2024 | ISBN:978-81-972806-1-0 |
| 12 | ਡਾ. ਰੋਜੀ ਬਾਂਸਲ | Recent Trends in Energy Conservation | Food Pollution and Toxicity | Pustak Bharti Toronto Canada | ISBN: 978-1-998027-07-1 | ਮਈ 2024 |
| 13 | ਡਾ. ਰੋਜੀ ਬਾਂਸਲ | Food Adulteration & Contaminant | Emerging Trends in Detection of Adulteration in Fat and Oils | NIPA ENX Electronic Resource & Sol Pvt. Ltd. New Delhi | ISBN:978-81-1923504-9 CISBN: 978-81-19235-02-5 | ਮਈ 2024 |

## 18. ਫੈਕਲਟੀ ਮੈਂਬਰਾਂ ਵੱਲੋਂ ਲਗਾਏ ਗਏ ਰਿਫ਼ਰੈਸ਼ਰ ਕੋਰਸ:

**ਡਾ. ਆਇਸ਼ਾ ਖੋਸਲਾ** ਨੇ 01 ਤੋਂ 13 ਜਨਵਰੀ 2024 ਤੱਕ Malviya Mission Teacher Training Centre, University of Hyderabad ਵੱਲੋਂ ਆਯੋਜਿਤ **English Language Studies** ਵਿਸ਼ੇ 'ਤੇ **ਰਿਫ਼ਰੈਸ਼ਰ ਕੋਰਸ ਲਗਾਇਆ।**

**ਡਾ. ਮੋਨਿਕਾ ਬਾਂਸਲ** ਅਤੇ **ਡਾ. ਰੂਪੀ ਧੀਰ** ਨੇ ਮਿਤੀ 28 ਅਪ੍ਰੈਲ 2024 ਤੋਂ 11 ਮਈ 2024 ਤੱਕ A+ ਗਰੇਡ–ਟੀਚਿੰਗ ਲਰਨਿੰਗ ਸੈਂਟਰ, ਰਾਮਾਨੁਜਨ ਕਾਲਜ, ਯੂਨੀਵਰਸਿਟੀ ਆਫ਼ ਦਿੱਲੀ ਤੋਂ ਆਨਲਾਇਨ ਮੋਡ ਰਾਹੀਂ **ਰਿਫ਼ਰੈਸ਼ਰ ਕੋਰਸ ਇਨ ਕੈਮਿਸਟਰੀ** ਲਗਾਇਆ।

**ਡਾ. ਜਸਵਿੰਦਰ ਸਿੰਘ** ਨੇ 09 ਤੋਂ 22 ਜਨਵਰੀ 2024 ਤੱਕ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ **Inter Disciplinary Refresher Course on 'Languages' ਲਗਾਇਆ।**

## 19. ਫੈਕਲਟੀ ਮੈਂਬਰਾਂ ਵੱਲੋਂ ਲਗਾਏ ਗਏ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ:

**ਡਾ. ਸਤਵਿੰਦਰ ਕੌਰ** ਨੇ ਮਿਤੀ 21 ਫ਼ਰਵਰੀ 2024 ਤੋਂ 19 ਮਾਰਚ 2024 ਤੱਕ ਟੀਚਿੰਗ ਲਰਨਿੰਗ ਸੈਂਟਰ ਰਾਮਾਨੂਜਨ ਕਾਲਜ, ਯੂਨੀਵਰਸਿਟੀ ਆਫ਼ ਦਿੱਲੀ ਵੱਲੋਂ **4 Week Faculty Induction/Orientation Programme for Faculty in University, Colleges/Institutes of Higher Education** ਵਿੱਚ ਭਾਗ ਲਿਆ।

**ਡਾ. ਸਿਮਰਜੀਤ ਕੌਰ** ਨੇ ਮਿਤੀ 22 ਤੋਂ 30 ਅਪ੍ਰੈਲ 2024 ਤੱਕ ਆਈ.ਕਿਊ.ਏ.ਸੀ. ਖ਼ਾਲਸਾ ਕਾਲਜ ਪਟਿਆਲਾ ਵੱਲੋਂ **Effective Use of ICT in Office Management** ਵਿਸ਼ੇ ’ਤੇ ਆਯੋਜਿਤ **ਸੱਤ ਰੋਜ਼ਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ** ਵਿੱਚ **ਭਾਗ** ਲਿਆ।

**ਡਾ. ਮਲਕੀਤ ਕੌਰ** ਨੇ ਮਿਤੀ 22 ਤੋਂ 30 ਅਪ੍ਰੈਲ 2024 ਤੱਕ ਆਈ.ਕਿਊ.ਏ.ਸੀ. ਖ਼ਾਲਸਾ ਕਾਲਜ ਪਟਿਆਲਾ ਵੱਲੋਂ **Building Cultural Awareness and Sensitivity** ਵਿਸ਼ੇ ’ਤੇ ਆਯੋਜਿਤ **ਸੱਤ ਰੋਜ਼ਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ** ਵਿੱਚ **ਭਾਗ** ਲਿਆ।

**ਡਾ. ਹਰਪ੍ਰੀਤ ਕੌਰ** ਨੇ ਮਿਤੀ 29 ਮਈ 2024 ਤੋਂ 05 ਜੂਨ 2024 ਤੱਕ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ **Digital Pedagogy: ICT CAI assisted teaching in-Line with OBE & NEP'** ਵਿਸ਼ੇ ’ਤੇ ਆਯੋਜਿਤ **ਸੱਤ ਰੋਜ਼ਾ ਫੈਲਕਟੀ ਡਿਵੈਲਪਮੈਂਟ ਪ੍ਰੋਗਰਾਮ** ਵਿੱਚ **ਭਾਗ** ਲਿਆ।

## 20. ਫੈਕਲਟੀ ਮੈਂਬਰਾਂ ਵੱਲੋਂ ਲਗਾਏ ਗਏ ਸ਼ਾਰਟ ਟਰਮ ਕੋਰਸ:

**ਡਾ.ਨਿਪੁੰਨਜੋਤ ਕੌਰ, ਡਾ. ਨਮਰਤਾ ਸਿੰਗਲਾ, ਡਾ. ਰੂਬਲ ਬਰਾੜ, ਡਾ. ਜੀਵੰਤ ਕੌਰ, ਡਾ. ਗੁਰਸਿਮਰਜੀਤ ਕੌਰ, ਡਾ. ਹਰਪ੍ਰੀਤ ਕੌਰ, ਡਾ. ਮੰਜੂ ਮਿੱਤਲ, ਡਾ. ਹਰਪ੍ਰੀਤ ਕੌਰ, ਡਾ. ਸਪਨਾ, ਡਾ. ਜਗਤਾਰ ਸਿੰਘ, ਡਾ. ਮਨਵੀਰ ਕੌਰ, ਡਾ. ਰੋਜੀ ਬਾਂਸਲ** ਅਤੇ **ਡਾ. ਮਨਸਿਮਰਨ ਕੌਰ** ਨੇ ਮਿਤੀ 03 ਤੋਂ 12 ਜਨਵਰੀ 2024 ਤੱਕ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ **'NEP 2020 Orientation & Sensitization Programme'** ਵਿਸ਼ੇ ’ਤੇ ਲਗਾਏ ਗਏ **ਆਨਲਾਈਨ ਸ਼ਾਰਟ ਟਰਮ ਕੋਰਸ** ਵਿੱਚ **ਭਾਗ** ਲਿਆ।

**ਡਾ. ਸਤਵਿੰਦਰ ਕੌਰ ਅਤੇ ਡਾ. ਸਿਮਰਜੀਤ ਕੌਰ** ਨੇ ਮਿਤੀ 16 ਤੋਂ 25 ਜਨਵਰੀ 2024 ਤੱਕ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ **'NEP 2020 Orientation & Sensitization Programme'** ਵਿਸ਼ੇ ’ਤੇ ਆਯੋਜਿਤ **ਸ਼ਾਰਟ ਟਰਮ ਕੋਰਸ** ਵਿੱਚ **ਭਾਗ** ਲਿਆ।

**ਡਾ. ਵੰਦਨਾ ਕਪੂਰ, ਡਾ. ਹਰਪ੍ਰੀਤ ਕੌਰ ਅਤੇ ਪ੍ਰੋ. ਹਰਮਨਪ੍ਰੀਤ ਸਿੰਘ** ਨੇ ਮਿਤੀ 05 ਤੋਂ 14 ਫ਼ਰਵਰੀ 2024 ਤੱਕ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ **'NEP 2020 Orientation & Sensitization Programme'** ਵਿਸ਼ੇ 'ਤੇ ਆਯੋਜਿਤ **ਸ਼ਾਰਟ ਟਰਮ ਕੋਰਸ ਲਗਾਇਆ।**

**ਡਾ. ਜਸਵਿੰਦਰ ਸਿੰਘ ਪ੍ਰੋ. ਦਲਜੀਤ ਕੌਰ, ਪ੍ਰੋ. ਅਮਨਦੀਪ ਕੌਰ** ਨੇ ਮਿਤੀ 19 ਤੋਂ 28 ਫ਼ਰਵਰੀ 2024 ਤੱਕ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ **NEP 2020 Orientation & Sensitization Programme** ਵਿਸ਼ੇ 'ਤੇ ਆਯੋਜਿਤ **ਸ਼ਾਰਟ ਟਰਮ ਕੋਰਸ** ਵਿੱਚ **ਭਾਗ** ਲਿਆ।

**ਡਾ.ਮੰਜੂ ਮਿੱਤਲ** ਨੇ ਮਿਤੀ 10 ਤੋਂ 15 ਅਪ੍ਰੈਲ 2024 ਤੱਕ Synergy University Dubai ਵੱਲੋਂ **Capacity Building Training Programme on Communication and Change Management** ਵਿਸ਼ੇ 'ਤੇ ਆਯੋਜਿਤ **ਸ਼ਾਰਟ ਟਰਮ ਕੋਰਸ** ਵਿੱਚ **ਭਾਗ** ਲਿਆ।

**ਡਾ. ਗੋਰਖ ਸਿੰਘ** ਨੇ ਮਿਤੀ 04 ਤੋਂ 14 ਜੂਨ 2024 ਤੱਕ SGTB Khalsa College, University of Delhi ਵੱਲੋਂ **NEP 2020 Orientation & Sensitization Programme** ਵਿਸ਼ੇ 'ਤੇ ਆਯੋਜਿਤ **ਸ਼ਾਰਟ ਟਰਮ ਕੋਰਸ** ਵਿੱਚ **ਭਾਗ** ਲਿਆ।

## 21. ਫੈਕਲਟੀ ਮੈਂਬਰਾਂ ਵੱਲੋਂ ਵਰਕਸ਼ਾਪਾਂ ਵਿੱਚ ਲਏ ਗਏ ਭਾਗ:

**ਡਾ. ਪੁਸ਼ਪਿੰਦਰ ਕੌਰ** ਨੇ ਮਿਤੀ 08 ਅਤੇ 09 ਫ਼ਰਵਰੀ 2024 ਨੂੰ ਖ਼ਾਲਸਾ ਕਾਲਜ ਪਟਿਆਲਾ ਦੇ ਫਾਇਨ ਆਰਟਸ ਅਤੇ ਕਿਰਤ ਕਲੱਬ ਵੱਲੋਂ **ਗੁਰਮੁਖੀ ਅੱਖਰਕਾਰੀ** ਵਿਸ਼ੇ 'ਤੇ ਲਗਾਈ ਗਈ ਦੋ ਰੋਜ਼ਾ ਵਰਕਸ਼ਾਪ **ਧੰਨੁ ਸੁ ਕਾਗਦੁ ਕਲਮੁ ਧੰਨੁ** ਵਿੱਚ **ਭਾਗ** ਲਿਆ।

**ਪ੍ਰੋ. ਜਸਪ੍ਰੀਤ ਕੌਰ** ਨੇ ਮਿਤੀ 05 ਤੋਂ 09 ਫ਼ਰਵਰੀ ਤੱਕ Punjab Energy Development Agency (PEDA), Govt. of Punjab and Bureau of Energy Efficiency (BEE), Ministry of Power, Govt. of India ਵੱਲੋਂ **Capacity Building Training Workshop on Energy Conservation** ਵਿਸ਼ੇ 'ਤੇ ਪੰਜ ਰੋਜ਼ਾ ਵਰਕਸ਼ਾਪ ਵਿੱਚ ਭਾਗ ਲਿਆ। ਇਹਨਾਂ ਨੇ ਮਿਤੀ 28 ਫ਼ਰਵਰੀ 2024 ਤੋਂ 05 ਮਾਰਚ 2024 ਤੱਕ ਨੈਸ਼ਨਲ ਟਰਾਂਸਲੇਸ਼ਨ ਮਿਸ਼ਨ (NTM), ਸੈਂਟਰਲ ਇੰਸਟੀਚਿਊਟ ਆਫ਼ ਇੰਡੀਅਨ ਲੈਂਗੁਏਜਜ਼, ਮਿਨਸਟਰੀ ਆਫ਼ ਹਾਇਰ ਐਜੂਕੇਸ਼ਨ, ਭਾਰਤ ਸਰਕਾਰ ਵੱਲੋਂ **ਸਕਿੱਲ ਡਿਵੈਲਪਮੈਂਟ** ਵਿਸ਼ੇ 'ਤੇ ਆਯੋਜਿਤ **ਸੱਤ ਰੋਜ਼ਾ ਵਰਕਸ਼ਾਪ** ਵਿੱਚ **ਭਾਗ** ਲਿਆ।

## 22. ਫੈਕਲਟੀ ਮੈਂਬਰਾਂ ਦੁਆਰਾ ਸਿੰਪੋਜ਼ੀਅਮ ਵਿੱਚ ਲਏ ਗਏ ਭਾਗ:

**ਡਾ. ਰੋਜੀ ਬਾਂਸਲ** ਨੇ ਮਿਤੀ 30 ਨਵੰਬਰ 2023 ਨੂੰ Chitkara School of Health Sciences and Chitkara University Research and Innovation Network Chitkara University Punjab ਵੱਲੋਂ **Rediscovering Diabetes Management: Innovations in Diabetes Technology Leadership in India** ਵਿਸ਼ੇ 'ਤੇ ਕਰਵਾਏ ਗਏ ਸਿੰਪੋਜ਼ੀਅਮ ਵਿੱਚ ਭਾਗ ਲਿਆ।

## 23. ਫੈਕਲਟੀ ਮੈਂਬਰਾਂ ਦੁਆਰਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਵਿੱਚ ਬਤੌਰ ਰਿਸੋਰਸ ਪਰਸਨ ਦਿੱਤੇ ਗਏ ਲੈਕਚਰ:

**ਪ੍ਰੋ. ਸੰਦੀਪ ਚਹਿਲ** ਨੇ ਖ਼ਾਲਸਾ ਕਾਲਜ ਪਟਿਆਲਾ ਦੇ ਆਈ.ਕਿਊ.ਏ.ਸੀ. ਸੈੱਲ ਵੱਲੋਂ ਮਿਤੀ 22 ਤੋਂ 30 ਅਪ੍ਰੈਲ 2024 ਤੱਕ **Building Cultural Awareness and Sensitivity** ਵਿਸ਼ੇ 'ਤੇ ਕਰਵਾਏ ਗਏ ਸੱਤ ਰੋਜ਼ਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਵਿੱਚ ਮਿਤੀ 23 ਅਪ੍ਰੈਲ 2024 ਨੂੰ **Introduction to the Handicrafts of India, 24 ਅਪ੍ਰੈਲ** 2024 ਨੂੰ **Detailed Information of the State of Jammu and Kashmir and its Handicrafts,** 25 ਅਪ੍ਰੈਲ 2024 ਨੂੰ **Formation of Himachal Pradesh and its Cultural Heritage**, 26 ਅਪ੍ਰੈਲ 2024 ਨੂੰ **Punjab – its Hereditary Embroidery Tradition** ਅਤੇ 29 ਅਪ੍ਰੈਲ 2024 ਨੂੰ **Customs and Rituals of Rajasthan** ਵਿਸ਼ਿਆਂ 'ਤੇ **ਬਤੌਰ ਰਿਸੋਰਸ ਪਰਸਨ ਲੈਕਚਰ** ਦਿੱਤੇ।

## 24. ਮੈਂਬਰ ਪੈਨਲ ਆਫ਼ ਐਡੀਟੋਰੀਅਲ ਬੋਰਡ ਇਨ ਇੰਟਰਨੈਸ਼ਨਲ ਜਰਨਲ:

ਕਾਲਜ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਵੱਲੋਂ, ਯੂ.ਜੀ.ਸੀ. ਕੇਅਰ ਲਿਸਟ ਵਿੱਚ ਸ਼ਾਮਿਲ, ਕੱਢੇ ਜਾਂਦੇ ਅੰਤਰਰਾਸ਼ਟਰੀ ਜਰਨਲ **ਖੋਜ ਪੰਧ, ਦਾ 10ਵਾਂ ਆਰਟੀਫੀਸ਼ਲ ਇੰਟੈਲੀਜੈਂਸ ਵਿਸ਼ੇਸ਼ ਅੰਕ, ਮਾਰਚ 2021** 'ਚ, **ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ** ਨੇ ਬਤੌਰ ਮੁੱਖ ਸੰਪਾਦਕ ਅਤੇ ਪੰਜਾਬੀ ਵਿਭਾਗ ਦੇ ਮੁਖੀ **ਪ੍ਰੋ. ਪਰਮਜੀਤ ਕੌਰ, ਡਾ. ਪੁਸ਼ਪਿੰਦਰ ਕੌਰ, ਪ੍ਰੋ. ਜਗਰੂਪ ਕੌਰ, ਡਾ. ਦਵਿੰਦਰ ਸਿੰਘ, ਡਾ. ਸਰਬਜੀਤ ਸਿੰਘ** ਅਤੇ **ਡਾ. ਜਸਵਿੰਦਰ ਸਿੰਘ** ਨੇ ਬਤੌਰ **ਸੰਪਾਦਕ** ਸੇਵਾ ਨਿਭਾਈ।

**ਡਾ. ਸਰਬਜੀਤ ਸਿੰਘ**, ਸੰਨੀ ਉਬਰਾਏ ਵਿਵੇਕ ਸਦਨ, ਸ੍ਰੀ ਅਨੰਦਪੁਰ ਸਾਹਿਬ ਵੱਲੋਂ ਕੱਢੇ ਜਾਂਦੇ ਜਰਨਲ **ਵਿੱਦਿਆ ਸਾਗਰ ਪੱਤ੍ਰਿਕਾ** (ਯੂ.ਜੀ.ਸੀ. ਕੇਅਰ ਲਿਸਟਡ) ਦੇ **ਸੰਪਾਦਕੀ ਬੋਰਡ** ਦੇ **ਮੈਂਬਰ** ਨਿਯੁਕਤ ਹੋਏ।

## 25. ਮੈਂਬਰ ਬੋਰਡ ਆਫ਼ ਸਟੱਡੀਜ਼:

**ਡਾ. ਮਨਸਿਮਰਨ ਕੌਰ** ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਸਾਹਿਬ ਵੱਲੋਂ ਯੂਨੀਵਰਸਿਟੀ ਸਟੇਚੂਟ ਦੀ ਧਾਰਾ 10(2) ਅਧੀਨ ਬੋਰਡ ਆਫ਼ ਸਟੱਡੀਜ਼ ਇਨ ਫ਼ੂਡ ਐਂਡ ਨਿਊਟਰੀਸ਼ਨ ਦੇ ਮੈਂਬਰ ਨਿਯੁਕਤ ਕੀਤਾ ਗਿਆ।

## 26. ਜਰਨਲਾਂ ਦੇ ਰਿਵਿਊਅਰ:

**ਡਾ. ਮਨਸਿਮਰਨ ਕੌਰ** ਨੂੰ ਮਿਤੀ 11 ਦਸੰਬਰ 2023 ਨੂੰ **Current Journal of Applied Science and Technology**, 26 ਅਪ੍ਰੈਲ 2024 ਨੂੰ **Assian Journal of Research and Reports in Endocrinology** ਅਤੇ ਮਿਤੀ 27 ਅਪ੍ਰੈਲ 2024 ਨੂੰ **Assian Food Science**

**Journal ਦੇ** ਰਿਵਿਊਅਰ ਵਜੋਂ ਸੇਵਾ ਨਿਭਾਈ ਅਤੇ ਇਹਨਾਂ ਨੂੰ **Certificate of Excellence in Reviewing** ਪ੍ਰਾਪਤ ਹੋਇਆ।

**27. ਕਾਲਜ ਦੇ ਅਧਿਆਪਕਾਂ ਵੱਲੋਂ ਬਾਹਰਲੀਆਂ ਸੰਸਥਾਵਾਂ ਵਿਖੇ ਨਿਭਾਈਆਂ ਗਈਆਂ ਸੇਵਾਵਾਂ:**

**ਡਾ. ਪੁਸ਼ਪਿੰਦਰ ਕੌਰ** ਨੇ **ਪੰਜਾਬ ਸਰਕਾਰ** ਦੁਆਰਾ ਲਈਆਂ ਜਾਂਦੀਆ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੌਰਾਨ **ਇਮਤਿਹਾਨਾਂ ਨਾਲ ਸਬੰਧਤ ਗੁਪਤ ਸੇਵਾਵਾਂ ਨਿਭਾਈਆਂ।**

**28. ਅਧਿਆਪਕਾਂ ਦੁਆਰਾ ਕੀਤੀ ਗਈ ਜੱਜਮੈਂਟ:**

**ਡਾ. ਪੁਸ਼ਪਿੰਦਰ ਕੌਰ** ਨੇ ਮਿਤੀ 11 ਅਗਸਤ 2023 ਨੂੰ ਦਾ ਬ੍ਰਿਟਿਸ਼ ਕੋ-ਐਡ ਹਾਈ ਸਕੂਲ ਪਟਿਆਲਾ ਵਿਖੇ **ਇੰਟਰ ਹਾਊਸ ਵਾਦ ਵਿਵਾਦ ਮੁਕਾਬਲਿਆਂ**, ਮਿਤੀ 4 ਮਈ 2024 ਨੂੰ ਇਸੇ ਹੀ ਸਕੂਲ ਵਿਖੇ **ਪੰਜਾਬੀ ਡਿਬੇਟ ਮੁਕਾਬਲਿਆਂ** ਅਤੇ ਮਿਤੀ 27 ਅਕਤੂਬਰ 2023 ਨੂੰ ਯਾਦਵਿੰਦਰਾ ਪਬਲਿਕ ਸਕੂਲ ਪਟਿਆਲਾ ਵਿਖੇ **ਇੰਟਰ ਹਾਊਸ ਪੰਜਾਬੀ ਡਿਬੇਟ ਕੰਪੀਟੀਸ਼ਨ** ਦੀ **ਜੱਜਮੈਂਟ** ਕੀਤੀ।

**ਡਾ. ਰੂਪੀ ਧੀਰ** ਨੇ ਮਿਤੀ 17 ਦਸੰਬਰ 2023 ਨੂੰ RS Model Senior Secondary School, Ludhiana Vidyarthi Vigan Manthan 2023 **State Level Camp** ਵਿੱਚ **ਜੱਜਮੈਂਟ** ਕੀਤੀ।

**ਡਾ. ਮਨਵੀਰ ਕੌਰ** ਨੇ ਮਿਤੀ 23 ਜਨਵਰੀ 2024 ਨੂੰ ਕੇ.ਵੀ.1 ਪਟਿਆਲਾ ਕੈਂਟ ਵੱਲੋਂ ਆਯੋਜਿਤ **ਪੇਂਟਿੰਗ ਮੁਕਾਬਲੇ** ਦੀ **ਜੱਜਮੈਂਟ** ਕੀਤੀ।

**ਡਾ. ਨਿਪੁੰਨਜੋਤ ਕੌਰ** ਨੇ ਫ਼ਰਵਰੀ 2024 ਨੂੰ ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਵਿਖੇ RACBS ਕਾਨਫ਼ਰੰਸ ਵਿੱਚ ਬੱਚਿਆਂ ਦੇ **ਪੋਸਟਰ ਮੇਕਿੰਗ ਮੁਕਾਬਲਿਆਂ** ਦੀ **ਜੱਜਮੈਂਟ** ਕੀਤੀ।

**ਡਾ. ਰੋਜ਼ੀ ਬਾਂਸਲ** ਨੇ ਮਿਤੀ 13 ਮਾਰਚ 2024 ਨੂੰ Chitkara Business School, Chitkara University ਵਿਖੇ **A Business Plan Competition** ਦੀ **ਜੱਜਮੈਂਟ** ਕੀਤੀ।

**ਡਾ. ਰੂਬਲ ਬਰਾੜ** ਨੇ ਮਿਤੀ 10 ਅਤੇ 11 ਮਈ 2024 ਨੂੰ ਯਾਦਵਿੰਦਰਾ ਪਬਲਿਕ ਸਕੂਲ, ਪਟਿਆਲਾ ਵਿਖੇ **31st COI Frank Von Goldstein Debate** ਦੀ **ਜੱਜਮੈਂਟ** ਕੀਤੀ।

**29. ਅਧਿਆਪਕਾਂ ਦੁਆਰਾ ਗ੍ਰੈਜੂਏਟਿੰਗ ਸੈਰੇਮਨੀ ਦੌਰਾਨ ਦਿੱਤੇ ਗਏ ਗ੍ਰੈਜੂਏਟਿੰਗ ਐਡਰੈੱਸ:**

**ਪ੍ਰੋ. ਜਸਪ੍ਰੀਤ ਕੌਰ** ਨੇ ਮਿਤੀ 22 ਮਾਰਚ 2024 ਨੂੰ St. Mary's School Patiala ਦੇ Graduation Ceremony ਵਿੱਚ **ਬਤੌਰ ਮੁੱਖ ਮਹਿਮਾਨ ਸ਼ਿਰਕਤ** ਕੀਤੀ ਅਤੇ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਗ੍ਰੈਜੂਏਟਿੰਗ ਐਡਰੈੱਸ ਦਿੱਤਾ।

**30. ਅਧਿਆਪਕਾਂ ਦੁਆਰਾ ਕਾਨਫ਼ਰੰਸਾਂ/ਵੈਬੀਨਾਰਾਂ ਵਿੱਚ ਦਿੱਤੇ ਗਏ ਕੁੰਜੀਵਤ ਭਾਸ਼ਣ:**

**ਪ੍ਰੋ. ਰਾਜਦੀਪ ਸਿੰਘ ਧਾਲੀਵਾਲ** ਨੇ ਮਿਤੀ 28 ਮਈ 2024 ਨੂੰ Department of Higher Education Madhya Pradesh in Collaboration with Govt. College Gohparu Shahdol,

Madhya Pradesh ਵੱਲੋਂ **Entrepreneurship and Innovation in Higher Education** ਵਿਸ਼ੇ 'ਤੇ ਆਯੋਜਿਤ **ਨੈਸ਼ਨਲ ਵੈਬੀਨਾਰ** ਵਿੱਚ **Higher Education: Stapes, Challenges and Opportunities** ਵਿਸ਼ੇ 'ਤੇ **ਕੁੰਜੀਵਤ ਭਾਸ਼ਣ** ਦਿੱਤਾ।

**ਡਾ. ਮੰਜੂ ਮਿੱਤਲ** ਨੇ 29 ਮਈ 2024 ਅਤੇ 31 ਮਈ 2024 ਨੂੰ Patiala Branch, NIRC, ICAI ਵੱਲੋਂ ਆਯੋਜਿਤ **Orientation Course** ਵਿੱਚ **Motivation ਅਤੇ Time Management** ਵਿਸ਼ੇ 'ਤੇ **ਕੁੰਜੀਵਤ ਭਾਸ਼ਣ** ਦਿੱਤੇ।

## 31. ਕਾਲਜ ਵਿਖੇ ਬਾਹਰਲੀਆਂ ਸੰਸਥਾਵਾਂ ਦੇ ਵਿਸ਼ਾ ਮਾਹਿਰਾਂ ਦੁਆਰਾ ਦਿੱਤੇ ਗਏ ਲੈਕਚਰ:

ਮਿਤੀ 04 ਅਕਤੂਬਰ 2023 ਨੂੰ ਪੀ.ਜੀ. ਡਿਪਾਰਟਮੈਂਟ ਆਫ਼ ਡਿਜ਼ਾਇਨਿੰਗ ਐਂਡ ਹੋਮ ਸਾਇੰਸ ਵੱਲੋਂ ਓ.ਐੱਸ.ਏ. ਦੇ ਸਹਿਯੋਗ ਨਾਲ ਕਰਵਾਏ ਗਏ ਲੈਕਚਰ ਦੌਰਾਨ ਵਿਭਾਗ ਦੀ ਸਾਬਕਾ ਵਿਦਿਆਰਥਣ **ਚੰਨਪ੍ਰੀਤ ਕੌਰ** ਨੇ **ਸਟਾਰਟਅੱਪਸ-ਸ਼ੇਪਿੰਗ ਫ਼ਿਊਚਰ** ਵਿਸ਼ੇ 'ਤੇ ਲੈਕਚਰ ਦਿੱਤਾ। ਇਨ੍ਹਾਂ ਨੇ ਹੀ ਮਿਤੀ 05 ਅਕਤੂਬਰ 2023 ਨੂੰ **ਰਵਾਇਤੀ ਕਢਾਈ** ਅਤੇ **Free Hand Painting** ਵਿਸ਼ੇ 'ਤੇ ਲੈਕਚਰ ਦਿੱਤਾ।

ਮਿਤੀ 04 ਅਕਤੂਬਰ 2023 ਨੂੰ ਧਰਮ ਅਧਿਐਨ ਵਿਭਾਗ ਅਤੇ ਕਿਰਤ ਕਲੱਬ ਵੱਲੋਂ ਸਾਂਝੇ ਤੌਰ 'ਤੇ ਕਰਵਾਏ ਗਏ ਲੈਕਚਰ ਦੌਰਾਨ **ਭਾਈ ਰਾਜਪਾਲ ਸਿੰਘ** ਨੇ **ਗੁਰਮਤਿ ਜੀਵਨ ਜਾਚ** ਵਿਸ਼ੇ 'ਤੇ ਲੈਕਚਰ ਦਿੱਤਾ।

ਪੋਸਟ ਗ੍ਰੈਜੂਏਟ ਅੰਗਰੇਜ਼ੀ ਵਿਭਾਗ ਵੱਲੋਂ **Sophia Girls College, Ajmer, Rajasthan** ਨਾਲ ਕੀਤੇ ਗਏ MOU ਦੌਰਾਨ **Online National Lecture Series –Literary Explorations: A Collaborative Lecture Series** ਤਹਿਤ ਮਿਤੀ 19 ਅਕਤੂਬਰ 2023 ਨੂੰ **Sophia Girls College Ajmer**, ਮਿਤੀ 11 ਜਨਵਰੀ 2024 ਨੂੰ **ਪਟਨਾ ਵੂਮੈਨ ਕਾਲਜ ਪਟਨਾ**, ਮਿਤੀ 27 ਫ਼ਰਵਰੀ 2024 ਨੂੰ **ਕ੍ਰਿਸ਼ਟੂ ਜਯੰਤੀ ਕਾਲਜ ਬੰਗਲੌਰ ਕਰਨਾਟਕ**, ਮਿਤੀ 28 ਫ਼ਰਵਰੀ 2024 ਨੂੰ **ਸੇਂਟ ਜ਼ੇਵੀਅਰ ਕਾਲਜ ਜੈਪੁਰ** ਅਤੇ ਮਿਤੀ 15 ਮਾਰਚ 2024 ਨੂੰ **ਖ਼ਾਲਸਾ ਕਾਲਜ ਪਟਿਆਲਾ** ਤੋਂ ਵਿਸ਼ਾ ਮਾਹਿਰਾਂ ਨੇ ਵੱਖ-ਵੱਖ ਵਿਸ਼ਿਆਂ 'ਤੇ ਪੰਜ ਲੈਕਚਰ ਦਿੱਤੇ।

ਮਿਤੀ 01 ਦਸੰਬਰ 2023 ਨੂੰ ਐੱਨ.ਸੀ.ਸੀ. ਨੇਵਲ ਵਿੰਗ ਦੁਆਰਾ ਡਾਇਰੈਕਟੋਰੇਟ ਆਫ਼ ਐੱਨ.ਸੀ.ਸੀ. ਚੰਡੀਗੜ੍ਹ ਦੀਆਂ ਹਦਾਇਤਾਂ ਤਹਿਤ ਕਰਵਾਏ ਗਏ ਲੈਕਚਰ ਦੌਰਾਨ 01 ਪੰਜਾਬ ਨੇਵਲ ਯੂਨਿਟ ਐੱਨ.ਸੀ.ਸੀ. ਨੇਵਲ ਦੇ ਤਕਨੀਕੀ ਅਧਿਕਾਰੀ **ਸ. ਗੁਰਦੇਵ ਸਿੰਘ** ਅਤੇ **ਸ. ਮਨਦੀਪ ਸਿੰਘ** ਨੇ **ਐੱਨ.ਸੀ.ਸੀ.** ਵਿਸ਼ੇ ਨਾਲ ਸਬੰਧਤ ਲੈਕਚਰ ਦਿੱਤਾ।

ਮਿਤੀ 27 ਫ਼ਰਵਰੀ 2024 ਨੂੰ ਬਾਇਓਟੈਕਨਾਲੋਜੀ ਵਿਭਾਗ ਦੁਆਰਾ ਕਰਵਾਏ ਗਏ ਲੈਕਚਰ ਸੀਰਿਜ਼ ਦੌਰਾਨ Department of Biotechnology Jaypee University of Information

Technology Waknaghat Solan ਤੋਂ **Dr. Jata Shankar** ਨੇ **Modern Techniques in Molecular–Biology** ਵਿਸ਼ੇ 'ਤੇ ਲੈਕਚਰ ਦਿੱਤਾ।

ਮਿਤੀ 27 ਫ਼ਰਵਰੀ 2024 ਨੂੰ ਬਾਇਓਟੈਕਨਾਲੋਜੀ ਵਿਭਾਗ ਦੁਆਰਾ ਕਰਵਾਏ ਗਈ ਉਪਰੋਕਤ ਲੈਕਚਰ ਸੀਰਿਜ਼ ਦੌਰਾਨ Department of Biotechnology Jaypee University Waknaghat Solan ਤੋਂ **Dr. Hemant Sood** ਨੇ **Technicalities of Tissue Culture Techniques** ਵਿਸ਼ੇ 'ਤੇ ਲੈਕਚਰ ਦਿੱਤਾ।

ਮਿਤੀ 03 ਅਪ੍ਰੈਲ 2024 ਨੂੰ ਸਾਇਕਾਲੋਜੀ ਵਿਭਾਗ ਦੁਆਰਾ ਕਰਵਾਏ ਗਏ ਲੈਕਚਰ ਦੌਰਾਨ **ਮਿਸ ਸ਼ਫ਼ਾਲੀ ਗੁਪਤਾ**, ਡਾਇਰੈਕਟਰ ਐਂਡ ਮੈਂਟਲ ਹੈਲਥ ਪ੍ਰੋਫ਼ੈਸ਼ਨਲ ਇਨਰਜ਼ ਫ਼ਾਉਂਡੇਸ਼ਨਜ਼ ਨੇ **Adulthood Crisis and Management** ਵਿਸ਼ੇ 'ਤੇ ਲੈਕਚਰ ਦਿੱਤਾ।

## 32. ਕਾਲਜ ਦੇ ਅਧਿਆਪਕਾਂ ਦੁਆਰਾ ਬਾਹਰਲੀਆਂ ਸੰਸਥਾਵਾਂ ਵਿੱਚ ਦਿੱਤੇ ਗਏ ਲੈਕਚਰ:

**ਪ੍ਰੋ. ਰਾਜਦੀਪ ਸਿੰਘ ਧਾਲੀਵਾਲ** ਨੇ ਮਿਤੀ 08 ਸਤੰਬਰ 2023 ਨੂੰ Department of Social Work, Punjabi University Patiala ਵਿਖੇ **Global National and Regional Environmental Issues** ਵਿਸ਼ੇ 'ਤੇ **ਲੈਕਚਰ** ਦਿੱਤਾ।

**ਡਾ. ਰੋਜੀ ਬਾਂਸਲ** ਨੇ ਮਿਤੀ 19, 20 ਅਤੇ 21 ਅਕਤੂਬਰ 2023 ਨੂੰ ਸਰਕਾਰੀ ਜਵਾਹਰ ਲਾਲ ਨਹਿਰੂ ਕਾਲਜ, ਮੰਡੀ ਗੋਬਿੰਦਗੜ੍ਹ ਵੱਲੋਂ ਕਰਵਾਈ ਗਈ 3 ਰੋਜ਼ਾ ਵਰਕਸ਼ਾਪ ਵਿਖੇ **Millet Processing Techniques** ਵਿਸ਼ੇ 'ਤੇ **ਤਿੰਨ ਲੈਕਚਰ** ਦਿੱਤੇ।

**ਡਾ. ਰੂਪੀ ਧੀਰ** ਨੇ ਮਿਤੀ 21 ਦਸੰਬਰ 2023 ਨੂੰ ਗੌਰਮਿੰਟ ਵਿਕਟੋਰੀਆ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ ਵਿਖੇ **ਕਰੀਅਰ ਗਾਇਡੈਂਸ** ਵਿਸ਼ੇ 'ਤੇ **ਲੈਕਚਰ** ਦਿੱਤਾ।

**ਡਾ. ਰੋਜੀ ਬਾਂਸਲ** ਨੇ ਮਿਤੀ 08 ਫ਼ਰਵਰੀ 2024 ਨੂੰ GSS School Bhappal Rajpura ਵਿਖੇ **Baking Techniques for a Baking Technician** ਵਿਸ਼ੇ 'ਤੇ **ਲੈਕਚਰ** ਦਿੱਤਾ।

**ਪ੍ਰੋ. ਜਸਪ੍ਰੀਤ ਕੌਰ** ਨੇ ਮਿਤੀ 29 ਫ਼ਰਵਰੀ 2024 ਨੂੰ National Translation Mission, Central Institute of Indian Languages, Ministry of Education, Department of Higher Education, Govt. of India Manasagangotri, Mysuru ਵੱਲੋਂ Translation in Indian Languages (English-Punjabi) 'ਤੇ ਆਯੋਜਿਤ **ਵਰਕਸ਼ਾਪ** ਵਿੱਚ **Translation and Culture** ਵਿਸ਼ੇ 'ਤੇ **ਲੈਕਚਰ** ਦਿੱਤਾ।

**ਡਾ. ਰੋਜੀ ਬਾਂਸਲ** ਨੇ ਮਿਤੀ 13 ਮਾਰਚ 2024 ਨੂੰ Chitkara Business School, Chitkara University ਵਿਖੇ **Role of Incubators in Entrepreneurship** ਵਿਸ਼ੇ 'ਤੇ **ਲੈਕਚਰ** ਦਿੱਤਾ।

## 33. ਕਾਲਜ ਦੇ ਅਧਿਆਪਕਾਂ ਦੁਆਰਾ ਕਾਲਜ ਵਿਖੇ ਅੰਤਰ–ਅਨੁਸਾਸ਼ਨੀ ਵਿਧੀ ਰਾਹੀਂ ਦਿੱਤੇ ਗਏ ਲੈਕਚਰ:

ਮਿਤੀ 06 ਅਕਤੂਬਰ 2023 ਨੂੰ ਪੋਸਟ ਗ੍ਰੈਜੂਏਟ ਕੰਪਿਊਟਰ ਸਾਇੰਸ ਵਿਭਾਗ ਵੱਲੋਂ ਆਯੋਜਿਤ ਕੀਤੇ ਗਏ ਲੈਕਚਰ ਦੌਰਾਨ **ਪ੍ਰੋ. ਗੁਰਪਾਲ ਸਿੰਘ** ਨੇ **Emergins Trends and Technologies** ਵਿਸ਼ੇ ’ਤੇ ਲੈਕਚਰ ਦਿੱਤਾ।

ਮਿਤੀ 23 ਨਵੰਬਰ 2023 ਨੂੰ ਸਕੂਲ ਆਫ਼ ਕਾਮਰਸ ਐਂਡ ਮੈਨੇਜਮੈਂਟ ਵੱਲੋਂ ਆਯੋਜਿਤ ਕੀਤੇ ਗਏ ਲੈਕਚਰ ਦੌਰਾਨ **ਡਾ. ਦਵਿੰਦਰ ਸਿੰਘ** ਅਤੇ **ਡਾ. ਗੁਰਵੀਰ ਸਿੰਘ** ਨੇ **ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ** ਨੂੰ ਸਮਰਪਿਤ **ਨਾਨਕ ਵਾਹ ਵਾਹ** ਵਿਸ਼ੇ ’ਤੇ ਲੈਕਚਰ ਦਿੱਤਾ।

ਮਿਤੀ 24 ਜਨਵਰੀ 2024 ਨੂੰ ਪੋਸਟ ਗ੍ਰੈਜੂਏਟ ਅੰਗਰੇਜ਼ੀ ਵਿਭਾਗ ਦੁਆਰਾ ਆਯੋਜਿਤ ਕੀਤੇ ਗਏ ਲੈਕਚਰ ਦੌਰਾਨ ਸਕੂਲ ਆਫ਼ ਕਾਮਰਸ ਐਂਡ ਮੈਨੇਜਮੈਂਟ ਦੇ **ਡਾ. ਮੰਜੂ ਮਿੱਤਲ** ਨੇ **Pathways to Research** ਵਿਸ਼ੇ ’ਤੇ ਲੈਕਚਰ ਦਿੱਤਾ।

**ਡਾ. ਰੋਜੀ ਬਾਂਸਲ** ਨੇ ਮਿਤੀ 06 ਫ਼ਰਵਰੀ 2024 ਨੂੰ PEDA at ਖ਼ਾਲਸਾ ਕਾਲਜ ਪਟਿਆਲਾ ਵੱਲੋਂ Capacity Building Workshop on Energy Conservation to Celebrate Energy Conservation Week ਵਿਖੇ **Energy Conservation and Plastic Waste** ਵਿਸ਼ੇ ’ਤੇ **ਲੈਕਚਰ** ਦਿੱਤਾ।

ਮਿਤੀ 15 ਅਪ੍ਰੈਲ 2024 ਨੂੰ ਕਿਰਤ ਕਲੱਬ ਵੱਲੋਂ **ਖ਼ਾਲਸਾ ਸਾਜਣਾ ਦਿਵਸ** ਨੂੰ ਸਮਰਪਿਤ ਆਯੋਜਿਤ ਕੀਤੇ ਗਏ ਲੈਕਚਰ ਦੌਰਾਨ ਪੰਜਾਬੀ ਵਿਭਾਗ ਦੇ **ਡਾ. ਦਵਿੰਦਰ ਸਿੰਘ** ਨੇ ਲੈਕਚਰ ਦਿੱਤਾ।

ਮਿਤੀ 23 ਅਪ੍ਰੈਲ 2024 ਨੂੰ ਬੀ.ਵਾਕ. ਫ਼ੂਡ ਪ੍ਰੋਸੈਸਿੰਗ ਐਂਡ ਇੰਜਨੀਅਰਿੰਗ ਵਿਭਾਗ ਵੱਲੋਂ ਆਯੋਜਿਤ ਕੀਤੇ ਗਏ ਲੈਕਚਰ ਦੌਰਾਨ **ਡਾ. ਰੋਜ਼ੀ ਬਾਂਸਲ** (ਕੋਰਸ ਕੋਆਰਡੀਨੇਟਰ) ਨੇ ਆਹਰ ਕ੍ਰਾਂਤੀ ਦੀ ਤੀਜੀ ਵਰ੍ਹੇ ਗੰਢੇ (ਇਮਿਊਨਿਟੀ ਜਾਗਰੂਕਤਾ ਮੁਹਿੰਮ) ਤਹਿਤ ਸੰਤੁਲਿਤ ਖੁਰਾਕ ਬਾਰੇ **ABC** ’ਤੇ ਲੈਕਚਰ ਦਿੱਤਾ। ਇਸੇ ਹੀ ਵਿਭਾਗ ਦੇ **ਡਾ. ਮਨਸਿਮਰਨ ਕੌਰ ਰੰਧਾਵਾ** ਨੇ ਮਿਤੀ 24 ਅਪ੍ਰੈਲ 2024 ਨੂੰ **ਪ੍ਰੋਬਾਇਓਟਿਕਸ ਐਜ਼ ਇਮਿਊਨ ਐਨਹਾਂਸਰਜ਼** ਵਿਸ਼ੇ ’ਤੇ ਲੈਕਚਰ ਦਿੱਤਾ।

**ਪ੍ਰੋ. ਜਸਪ੍ਰੀਤ ਕੌਰ** ਨੇ ਮਿਤੀ 28 ਜੂਨ 2024 ਨੂੰ ਡਾ. ਗੰਡਾ ਸਿੰਘ ਕਰੀਅਰ ਗਾਈਡੈਂਸ, ਕਾਊਂਸਲਿੰਗ ਐਂਡ ਪਲੇਸਮੈਂਟ ਸੈੱਲ, ਖ਼ਾਲਸਾ ਕਾਲਜ ਪਟਿਆਲਾ ਵਿਖੇ **Interview Skills** ਵਿਸ਼ੇ ’ਤੇ **ਲੈਕਚਰ** ਦਿੱਤਾ।

## 34. ਸੱਭਿਆਚਾਰਕ ਪ੍ਰਾਪਤੀਆਂ/ਸਰਗਰਮੀਆਂ:

**ਡਾ. ਹਰਵਿੰਦਰ ਕੌਰ**, ਡੀਨ, ਸੱਭਿਆਚਾਰਕ ਸਰਗਰਮੀਆਂ ਦੀ ਸੁਚੱਜੀ ਦੇਖ-ਰੇਖ ਹੇਠ ਕਾਲਜ ਨੇ ਇਸ ਸੈਸ਼ਨ ਦੌਰਾਨ ਵੀ **ਖੇਤਰੀ, ਅੰਤਰ-ਖੇਤਰੀ** ਅਤੇ **ਰਾਸ਼ਟਰੀ ਪੱਧਰ** ’ਤੇ **ਕਾਬਿਲ-ਏ-ਤਾਰੀਫ਼ ਮੱਲਾਂ** ਮਾਰਦੇ ਹੋਏ ਹੇਠ ਲਿਖੀਆਂ ਪੁਜ਼ੀਸ਼ਨਾਂ ਹਾਸਿਲ ਕੀਤੀਆਂ:-

### 34.1 ਨੈਸ਼ਨਲ ਯੁਵਕ ਮੇਲਾ:

ਮਿਤੀ ਮਿਤੀ 28 ਮਾਰਚ ਤੋਂ 01 ਅਪ੍ਰੈਲ 2024 ਨੂੰ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ ਵਿਖੇ ਆਯੋਜਿਤ ਕੀਤੇ ਗਏ **ਨੈਸ਼ਨਲ ਯੁਵਕ ਮੇਲਾ** ਦੌਰਾਨ ਕਾਲਜ ਨੇ **ਪ੍ਰਕਸ਼ਨ** ਵਿੱਚ ਅਤੇ **ਫੋਕ ਆਰਕੈਸਟਰਾ** ਵਿੱਚ **ਪਹਿਲਾ ਸਥਾਨ** ਹਾਸਿਲ ਕੀਤਾ।

### 34.2 ਨਾਰਥ ਜ਼ੋਨ ਅੰਤਰਵਰਸਿਟੀ ਯੁਵਕ ਮੇਲਾ:

ਮਿਤੀ 31 ਜਨਵਰੀ ਤੋਂ 2024 ਤੋਂ 04 ਫ਼ਰਵਰੀ 2024 ਤੱਕ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਹੋਏ ਨਾਰਥ ਜ਼ੋਨ ਅੰਤਰਵਰਸਿਟੀ ਯੁਵਕ ਮੇਲੇ ਦੌਰਾਨ ਕਾਲਜ ਨੇ **ਪ੍ਰਕਸ਼ਨ** ਵਿੱਚ **ਤੀਜਾ ਸਥਾਨ** ਹਾਸਿਲ ਕੀਤਾ ਅਤੇ **ਫੋਕ ਆਰਕੈਸਟਰਾ** ਤੇ **ਨਾਨ-ਪ੍ਰਕਸ਼ਨ** ਵਿੱਚ ਹਿੱਸਾ ਲਿਆ।

### 34.3 ਪੰਜਾਬ ਸਟੇਟ ਅੰਤਰਵਰਸਿਟੀ ਯੁਵਕ ਮੇਲਾ:

ਮਿਤੀ 27 ਤੋਂ 29 ਨਵੰਬਰ 2023 ਨੂੰ ਗੁਰੂ ਨਾਨਕ ਦੇਵਲ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਹੋਏ ਪੰਜਾਬ ਸਟੇਟ ਅੰਤਰਵਰਸਿਟੀ ਯੁਵਕ ਮੇਲੇ ਵਿੱਚ ਕਾਲਜ ਨੇ **ਪਹਿਲਾ ਸਥਾਨ** ਹਾਸਲ ਕੀਤਾ। ਕਾਲਜ ਨੇ **ਵਾਰ ਗਾਇਨ** ਵਿੱਚ **ਦੂਜਾ ਸਥਾਨ** ਅਤੇ ਕਵੀਸ਼ਰੀ ਵਿੱਚ **ਤੀਜਾ ਸਥਾਨ** ਹਾਸਲ ਕੀਤਾ।

### 34.4 ਅੰਤਰ ਖੇਤਰੀ ਯੁਵਕ ਮੇਲਾ:

ਮਿਤੀ 21 ਤੋਂ 24 ਨਵੰਬਰ 2023 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਹੋਏ ਅੰਤਰ-ਖੇਤਰੀ ਯੁਵਕ ਮੇਲੇ ਦੌਰਾਨ ਕਾਲਜ ਨੇ **ਗਰੁੱਪ ਸ਼ਬਦ, ਨਾਲਾ ਬੁਨਾਈ, ਕਾਰਟੂਨਿੰਗ** ਅਤੇ **ਫੋਕ ਆਰਕੈਸਟਰਾ** ਵਿੱਚ **ਪਹਿਲਾ ਸਥਾਨ** ਹਾਸਲ ਕੀਤਾ।

ਕਾਲਜ ਨੇ **ਭਾਰਤੀ ਸਮੂਹ ਗੀਤ, ਛਿੱਕੂ, ਪੱਛਮੀ ਸਮੂਹ ਗੀਤ** ਅਤੇ **ਕੋਲਾਜ ਮੇਕਿੰਗ** ਵਿੱਚ **ਦੂਜਾ ਸਥਾਨ** ਹਾਸਲ ਕੀਤਾ। ਕਾਲਜ ਨੇ **ਰਵਾਇਤੀ ਲੋਕ ਗੀਤ** ਅਤੇ **ਲੋਕ ਸਾਜ਼** ਵਿੱਚ **ਤੀਜਾ ਸਥਾਨ** ਹਾਸਲ ਕੀਤਾ।

ਕਾਲਜ ਨੇ ਇਸ ਮੇਲੇ ਦੌਰਾਨ **ਮਿਊਜ਼ਿਕ** ਦੀ **ਓਵਰ ਆਲ ਟਰਾਫ਼ੀ** ਹਾਸਲ ਕੀਤੀ।

ਕਾਲਜ ਨੇ **ਓਵਰ-ਆਲ ਰਨਰ-ਅੱਪ ਟਰਾਫ਼ੀ** ਹਾਸਲ ਕੀਤੀ।

### 34.5 ਖੇਤਰੀ ਯੁਵਕ ਮੇਲਾ:

ਮਿਤੀ 03 ਤੋਂ 06 ਨਵੰਬਰ 2023 ਨੂੰ ਪੰਜਾਬ ਐਜੂਕੇਸ਼ਨ ਕਾਲਜ ਰਾਏਪੁਰ ਵਿਖੇ ਹੋਏ **ਅੰਤਰ ਖੇਤਰੀ ਯੁਵਕ ਮੇਲੇ** ਦੌਰਾਨ ਕਾਲਜ ਨੇ **ਗਰੁੱਪ ਸ਼ਬਦ, ਭਾਰਤੀ ਸਮੂਹ ਗੀਤ, ਪ੍ਰਕਸ਼ਨ, ਲੋਕ ਸਾਜ਼, ਵਾਰ ਗਾਇਨ, ਕਵੀਸ਼ਰੀ, ਪੱਛਮੀ ਸਮੂਹ ਗੀਤ, ਰਵਾਇਤੀ ਲੋਕ ਗੀਤ, ਛਿੱਕੂ, ਨਾਲਾ, ਪੀੜ੍ਹੀ, ਕਢਾਈ, ਪੱਖੀ, ਕਰੋਸ਼ੀਆ, ਨੁੱਕੜ ਨਾਟਕ, ਫੋਕ ਆਰਕੈਸਟਰਾ** ਅਤੇ **ਕਾਰਟੂਨਿੰਗ** ਵਿੱਚ **ਪਹਿਲਾ ਸਥਾਨ** ਹਾਸਲ ਕੀਤਾ।

ਕਾਲਜ ਨੇ **ਪਰਾਂਦਾ, ਟੋਕਰਾ, ਰੱਸਾ ਵਟਾਈ, ਕਲਾਸੀਕਲ ਡਾਂਸ, ਕਵਿਤਾ ਉਚਾਰਣ, ਗਜ਼ਲ, ਇੰਸਟਾਲੇਸ਼ਨ, ਕੋਲਾਜ ਮੇਕਿੰਗ, ਖਿੱਦੋ, ਗੁੱਡੀਆਂ ਪਟੋਲੇ, ਪੱਛਮੀ ਸੋਲੋ ਸਾਜ਼, ਮਿਮਿਕਰੀ, ਕਲੀ ਗਾਇਨ, ਨਾਨ-ਪ੍ਰਕਸ਼ਨ** ਅਤੇ **ਗਿੱਧਾ ਦੀ ਪੇਸ਼ਕਾਰੀ** ਵਿੱਚ **ਦੂਜਾ ਸਥਾਨ** ਹਾਸਲ ਕੀਤਾ।

ਕਾਲਜ ਨੇ **ਸੰਮੀ, ਕਲਾਸੀਕਲ ਵੋਕਲ, ਰੰਗੋਲੀ, ਕਲੇਅ ਮਾਡਲਿੰਗ, ਪੋਸਟਰ ਮੇਕਿੰਗ, ਲੋਕ ਗੀਤ, ਪਹਿਰਾਵਾ ਪ੍ਰਦਰਸ਼ਨੀ, ਭੰਡ** ਅਤੇ **ਸਕਿੱਟ ਦੀ ਪੇਸ਼ਕਾਰੀ** ਵਿੱਚ **ਤੀਜਾ ਸਥਾਨ** ਹਾਸਲ ਕੀਤਾ।

ਕਾਲਜ ਨੇ ਇਸ ਮੇਲੇ ਦੌਰਾਨ **ਮਿਊਜ਼ਿਕ ਦੀ ਓਵਰਆਲ** ਟਰਾਫ਼ੀ ਹਾਸਲ ਕੀਤੀ।

ਕਾਲਜ, ਇਸ ਮੇਲੇ ਦਾ **ਓਵਰ-ਆਲ ਚੈਂਪੀਅਨ** ਬਣਿਆ।

## 34.6 ਓਪਨ ਯੂਥ ਫ਼ੈਸਟੀਵਲ:

ਮਿਤੀ 08 ਅਤੇ 09 ਨਵੰਬਰ 2023 ਨੂੰ ਸਟੇਟ ਕਾਲਜ ਆਫ਼ ਐਜੂਕੇਸ਼ਨ ਪਟਿਆਲਾ ਵਿਖੇ ਆਯੋਜਿਤ ਕੀਤੇ ਗਏ ਓਪਨ ਯੂਥ ਫੈਸਟੀਵਲ ਦੌਰਾਨ ਕਾਲਜ ਨੇ **ਮਿਮਿਕਰੀ, ਛਿੱਕੂ, ਪਰਾਂਦਾ, ਪੱਖੀ, ਇੰਨੂ, ਖਿੱਦੋ, ਕਾਰਟੂਨਿੰਗ** ਅਤੇ **ਕੋਲਾਜ ਮੇਕਿੰਗ** ਵਿੱਚ **ਪਹਿਲਾ ਸਥਾਨ** ਹਾਸਲ ਕੀਤਾ।

ਕਾਲਜ ਨੇ **ਪੀੜ੍ਹੀ, ਨਾਲਾ, ਗੁੱਡੀਆਂ ਪਟੋਲੇ, ਰੰਗੋਲੀ, ਪੋਸਟਰ ਮੇਕਿੰਗ, ਭੰਡ ਅਤੇ ਲੰਮੀਆਂ ਹੇਕਾਂ ਵਾਲੇ ਗੀਤ** ਵਿੱਚ **ਦੂਜਾ ਸਥਾਨ** ਹਾਸਲ ਕੀਤਾ।

ਕਾਲਜ ਨੇ **ਟੋਕਰਾ** ਅਤੇ **ਕਲੇਅ ਮਾਡਲਿੰਗ** ਵਿੱਚ **ਤੀਜਾ ਸਥਾਨ** ਹਾਸਲ ਕੀਤਾ।

## 35. ਐੱਨ.ਸੀ.ਸੀ. ਆਰਮੀ ਵਿੰਗ:

ਐੱਨ.ਸੀ.ਸੀ. ਆਰਮੀ ਵਿੰਗ ਦੇ ਏ.ਐਨ.ਓ. **ਡਾ. ਨਿਸ਼ਾਨ ਸਿੰਘ** ਦੇ ਯਤਨਾਂ ਸਦਕਾ ਮਿਤੀ 10 ਜੁਲਾਈ 2023 ਨੂੰ ਵਿੰਗ ਦੇ **11 ਕੈਡਿਟਸ** ਨੇ 5 ਪੰਜਾਬ ਬਟਾਲੀਅਨ ਐੱਨ.ਸੀ.ਸੀ. ਦੁਆਰਾ ਏਸ਼ੀਅਨ ਕਾਲਜ ਪਟਿਆਲਾ ਵਿਖੇ ਆਯੋਜਿਤ ਕੀਤੇ ਗਏ **Combine Annual Training** ਵਿੱਚ ਭਾਗ ਲਿਆ।

ਮਿਤੀ 15 ਅਗਸਤ 2023 ਨੂੰ ਪੋਲੋ ਗਰਾਉਂਡ ਪਟਿਆਲਾ ਵਿਖੇ 5 PB ਬਟਾਲੀਅਨ ਵੱਲੋਂ ਕਰਵਾਈ ਗਈ **ਸੁਤੰਤਰਤਾ ਦਿਵਸ ਪਰੇਡ** ਮੌਕੇ ਵਿੰਗ ਦੇ **13 ਕੈਡਿਟਸ** ਨੇ ਭਾਗ ਲਿਆ।

ਮਿਤੀ 25 ਸਤੰਬਰ 2023 ਤੋਂ 07 ਅਕਤੂਬਰ 2023 ਨੂੰ ਓਡੀਸਾ ਵਿਖੇ ਆਯੋਜਿਤ **Training Camp** ਵਿੱਚ **02 ਕੈਡਿਟਸ** ਨੇ ਭਾਗ ਲਿਆ।

ਮਿਤੀ 28 ਸਤੰਬਰ 2023 ਨੂੰ PB ਬਟਾਲੀਅਨ NCC ਵੱਲੋਂ ਸਥਾਨਕ ਕਾਲਜ ਵਿਖੇ ਸ਼ੁਰੂ ਕੀਤੇ ਗਏ **ਸਫ਼ਾਈ ਅਭਿਆਨ** ਵਿੱਚ **30 ਕੈਡਿਟਸ** ਨੇ ਭਾਗ ਲਿਆ।

ਮਿਤੀ 28 ਨਵੰਬਰ 2023 ਨੂੰ 5 PB ਬਟਾਲੀਅਨ NCC ਵੱਲੋਂ ਮਹਿੰਦਰਾ ਕਾਲਜ ਪਟਿਆਲਾ ਵਿਖੇ ਆਯੋਜਿਤ ਕੀਤੀ ਗਈ **ਸਾਇਕਲ ਰੈਲੀ** ਵਿਚ **06 ਕੈਡਿਟਸ** ਨੇ ਭਾਗ ਲਿਆ।

ਮਿਤੀ 24 ਜਨਵਰੀ 2024 ਨੂੰ 5 PB ਬਟਾਲੀਅਨ NCC ਵੱਲੋਂ ਸਥਾਨਕ ਕਾਲਜ ਵਿਖੇ **ਰਿਪਬਲਿਕ ਡੇ ਐਕਟੀਵਿਟੀ ਵਿਦ ਫਲੈਗ** ਵਿੱਚ **18 ਕੈਡਿਟਸ** ਨੇ ਭਾਗ ਲਿਆ।

ਮਿਤੀ 02-03 ਫ਼ਰਵਰੀ 2024 ਨੂੰ 5 PB ਬਟਾਲੀਅਨ NCC ਵੱਲੋਂ ਸਥਾਨਕ ਕਾਲਜ ਵਿਖੇ ਆਯੋਜਿਤ ਕੀਤੇ ਗਏ **ਮਿਲਟਰੀ ਲਿਟਰੇਚਰ ਫੈਸਟੀਵਲ** ਦੌਰਾਨ ਵਿੰਗ ਦੇ **30 ਕੈਡਿਟਸ** ਨੇ ਭਾਗ ਲਿਆ। ਮਿਤੀ 21 ਮਾਰਚ 2024 ਨੂੰ PB ਬਟਾਲੀਅਨ NCC ਵੱਲੋਂ ਸਥਾਨਕ ਕਾਲਜ ਵਿਖੇ ਲਗਾਏ ਗਏ **ਖ਼ੂਨਦਾਨ ਕੈਂਪ** ਵਿੱਚ **16 ਕੈਡਿਟਸ** ਨੇ ਭਾਗ ਲਿਆ।

## 36. ਐੱਨ.ਸੀ.ਸੀ. ਨੇਵਲ ਵਿੰਗ:

ਐੱਨ.ਸੀ.ਸੀ. ਨੇਵਲ ਵਿੰਗ ਦੇ ਅਫ਼ਸਰ **ਡਾ. ਸਰਬਜੀਤ ਸਿੰਘ** ਦੀ ਯੋਗ ਅਗਵਾਈ ਸਦਕਾ ਡਾਇਰੈਕਟਰ ਜਨਰਲ ਐੱਨ.ਸੀ.ਸੀ. ਦਿੱਲੀ ਦੀਆਂ ਹਦਾਇਤਾਂ ਤਹਿਤ ਮਿਤੀ 03 ਤੋਂ 14 ਜੁਲਾਈ 2023 ਨੂੰ ਮੁੰਬਈ ਵਿਖੇ ਆਯੋਜਿਤ ਕੀਤੇ ਗਏ **ਸ਼ਿਪ ਅਟੈਚਮੈਂਟ ਨੈਸ਼ਨਲ ਕੈਂਪ** ਵਿੱਚ ਵਿੰਗ ਦੇ **03 ਕੈਡਿਟਸ** ਨੇ ਸ਼ਮੂਲੀਅਤ ਕੀਤੀ।

ਮਿਤੀ 20 ਜਨਵਰੀ 2024 ਨੂੰ ਡਾਇਰੈਕਟੋਰੇਟ ਆਫ਼ ਐੱਨ.ਸੀ.ਸੀ. ਚੰਡੀਗੜ੍ਹ ਦੀਆਂ ਹਦਾਇਤਾਂ ਤਹਿਤ ਕਾਲਜ ਵਿਖੇ ਆਯੋਜਿਤ ਕੀਤੀ ਗਈ **ਏ.ਐਨ.ਓ.ਮੀਟਿੰਗ** ਵਿੱਚ ਵੱਖ-ਵੱਖ ਕਾਲਜਾਂ ਦੇ **11 ਏ.ਐਨ.ਓ.** ਨੇ ਸ਼ਮੂਲੀਅਤ ਕੀਤੀ।

ਵਿੰਗ ਵੱਲੋਂ **01 ਲੈਕਚਰ** ਕਰਵਾਇਆ ਗਿਆ।

## 37. ਐੱਨ.ਸੀ.ਸੀ. ਏਅਰ ਵਿੰਗ:

ਏਅਰ ਵਿੰਗ ਦੇ ਐੱਨ.ਸੀ.ਸੀ. ਅਫ਼ਸਰ **ਪ੍ਰੋ. ਬਲਦੇਵ ਸਿੰਘ** ਦੇ ਯਤਨਾਂ ਸਦਕਾ ਮਿਤੀ 02 ਤੋਂ 11 ਜੁਲਾਈ 2023 ਨੂੰ ਚੰਡੀਗੜ੍ਹ ਯੂਨੀਵਰਸਿਟੀ ਮੁਹਾਲੀ ਵਿਖੇ ਐੱਨ.ਸੀ.ਸੀ. ਗਰੁੱਪ ਹੈੱਡਕੁਆਰਟਰ ਪਟਿਆਲਾ ਵੱਲੋਂ ਆਯੋਜਿਤ ਕੀਤੇ ਗਏ **ਐਨੂਅਲ ਟ੍ਰੇਨਿੰਗ ਕੈਂਪ** ਵਿੱਚ **16 ਕੈਡਿਟਸ** ਨੇ ਭਾਗ ਲਿਆ।

ਮਿਤੀ 15 ਅਗਸਤ 2023 ਨੂੰ ਪੋਲੋ ਗਰਾਊਂਡ ਪਟਿਆਲਾ ਵਿਖੇ ਆਯੋਜਿਤ **ਸੁਤੰਤਰਤਾ ਦਿਵਸ ਪਰੇਡ** ਵਿੱਚ **10 ਕੈਡਿਟਸ** ਨੇ ਭਾਗ ਲਿਆ।

ਮਿਤੀ 23 ਜੁਲਾਈ ਤੋਂ 01 ਅਗਸਤ 2023 ਨੂੰ Doon Valley College, Karnal ਵਿਖੇ ਆਯੋਜਿਤ ਕੀਤੇ ਗਏ **ਪ੍ਰੀ–ਵਾਯੂ ਸੈਨਿਕ–1 ਕੈਂਪ** ਵਿੱਚ **06 ਕੈਡਿਟਸ** ਨੇ ਭਾਗ ਲਿਆ।

ਮਿਤੀ 05 ਸਤੰਬਰ 2023 ਨੂੰ 03 ਪੰਜਾਬ ਏਅਰ ਸਕੁਆਰਡਨ ਵੱਲੋਂ ਖ਼ਾਲਸਾ ਕਾਲਜ ਪਟਿਆਲਾ ਵਿਖੇ ਆਯੋਜਿਤ ਕੀਤੇ ਗਏ **Air Wing N.C.C Troop** ਵਿੱਚ **17 ਕੈਡਿਟਸ** ਦੀ ਸਿਲੈਕਸ਼ਨ ਹੋਈ।

ਮਿਤੀ 27 ਸਤੰਬਰ ਤੋਂ 04 ਅਕਤੂਬਰ 2023 ਨੂੰ ਭਵਾਨੀਪਟਨਾ, ਉੜੀਸਾ ਵਿਖੇ ਆਯੋਜਿਤ ਕੀਤੇ ਗਏ **ਆਲ ਇੰਡੀਆ ਟ੍ਰੇਨਿੰਗ ਕੈਂਪ 2023–24** ਵਿੱਚ **ਕੈਡਿਟ ਕੁਲਜੀਤ ਸਿੰਘ** ਨੇ ਭਾਗ ਲਿਆ।

ਮਿਤੀ 01 ਅਕਤੂਬਰ 2023 ਨੂੰ ਐਵੀਏਸ਼ਨ ਕਲੱਬ ਪਟਿਆਲਾ ਵਿਖੇ 03 ਪੰਜਾਬ ਏਅਰ ਸਕੁਆਰਡਨ ਪਟਿਆਲਾ ਵੱਲੋਂ ਆਯੋਜਿਤ **ਸਵੱਛਤਾ ਹੀ ਸੇਵਾ** ਮੁਹਿੰਮ ਵਿੱਚ **30 ਕੈਡਿਟਸ** ਨੇ ਭਾਗ ਲਿਆ।

ਮਿਤੀ 03 ਤੋਂ 14 ਦਸੰਬਰ 2023 ਨੂੰ ਗੋਰਖਪੁਰ, ਉੱਤਰ ਪ੍ਰਦੇਸ਼ ਵਿਖੇ **EK BHARAT SHARESHT BHARAT CAMP-II BORDER AREA** ਵਿੱਚ **ਕੈਡਿਟ ਵਰਸ਼ਾ ਕੁਮਾਰੀ** ਨੇ ਭਾਗ ਲਿਆ ਅਤੇ **CROSS COUNTRY** ਵਿੱਚ **ਸੋਨ ਤਗ਼ਮਾ** ਜਿੱਤਿਆ।

ਮਿਤੀ 26 ਜਨਵਰੀ 2024 ਨੂੰ ਪੋਲੋ ਗਰਾਉਂਡ ਪਟਿਆਲਾ ਵਿਖੇ **ਗਣਤੰਤਰ ਦਿਵਸ** ਮੌਕੇ ਵਿੰਗ ਦੇ **15 ਕੈਡਿਟਸ** ਨੇ ਮਾਰਚ ਪਾਸਟ ਵਿੱਚ ਭਾਗ ਲਿਆ।

ਮਿਤੀ 13 ਫ਼ਰਵਰੀ 2024 ਨੂੰ ਕਾਲਜ ਵਿਖੇ ਐੱਨ.ਸੀ.ਸੀ. ਗਰੁੱਪ ਹੈੱਡ ਕੁਆਟਰ ਪਟਿਆਲਾ ਵੱਲੋਂ ਆਯੋਜਿਤ ਕੀਤੇ ਗਏ **Prize Distribution Function** ਦੌਰਾਨ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਡਾਇਰੈਕਟੋਰੇਟ ਦੇ **A.D.G. Maj. Gen. Mokha** ਨੇ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ।

ਮਿਤੀ 22 ਫ਼ਰਵਰੀ 2024 ਨੂੰ 03 ਪੰਜਾਬ ਏਅਰ ਸਕੁਆਰਡਨ ਐੱਨ.ਸੀ.ਸੀ. ਪਟਿਆਲਾ ਵੱਲੋਂ ਆਯੋਜਿਤ **A Motivational Visit to Army Aviation Patiala** ਵਿੱਚ **25 ਕੈਡਿਟਸ** ਨੇ ਭਾਗ ਲਿਆ।

ਮਿਤੀ 23 ਫ਼ਰਵਰੀ 2024 ਨੂੰ ਵਿੰਗ ਵੱਲੋਂ **An Interaction of Army Recruiting Office with Cadets and ANO's** ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।

ਮਿਤੀ 03 ਮਾਰਚ 2024 ਨੂੰ ਐੱਨ.ਸੀ.ਸੀ. ਗਰੁੱਪ ਹੈੱਡ ਕੁਆਟਰ ਦੁਆਰਾ ਆਯੋਜਿਤ ਕੀਤੀ ਗਈ **ਐੱਨ.ਸੀ.ਸੀ."CEE" ਸਰਟੀਫਿਕੇਟ ਪ੍ਰੀਖਿਆ** ਵਿੱਚ **07 ਕੈਡਿਟਸ** ਨੇ ਭਾਗ ਲਿਆ।

ਮਿਤੀ 09 ਤੋਂ 10 ਮਾਰਚ 2024 ਨੂੰ ਐੱਨ.ਸੀ.ਸੀ. ਗਰੁੱਪ ਹੈੱਡ ਕੁਆਟਰ ਪਟਿਆਲਾ ਦੁਆਰਾ ਆਯੋਜਿਤ ਕੀਤੀ ਗਈ **ਐੱਨ.ਸੀ.ਸੀ."BEE" ਸਰਟੀਫਿਕੇਟ ਪ੍ਰੀਖਿਆ** ਵਿੱਚ **09 ਕੈਡਿਟਸ** ਨੇ ਭਾਗ ਲਿਆ।

ਮਿਤੀ 21 ਜੂਨ 2024 ਨੂੰ ਵਾਈ.ਪੀ.ਐੱਸ, ਪਟਿਆਲਾ ਗਰਾਊਂਡ ਵਿਖੇ ਗਰੁੱਪ ਹੈੱਡ ਕੁਆਟਰ ਪਟਿਆਲਾ ਵਿਖੇ ਆਯੋਜਿਤ **ਅੰਤਰਰਾਸ਼ਟਰੀ ਯੋਗਾ ਦਿਵਸ** ਮੌਕੇ **15 ਕੈਡਿਟਸ** ਨੇ ਭਾਗ ਲਿਆ।

## 38. ਐੱਨ.ਐੱਸ.ਐੱਸ. ਵਿਭਾਗ:

ਕਾਲਜ ਵਿੱਚ ਚੱਲ ਰਹੇ ਐੱਨ.ਐੱਸ.ਐੱਸ.ਵਿਭਾਗ ਦੇ ਅਫ਼ਸਰਾਂ **ਡਾ. ਸਪਨਾ, ਡਾ. ਜਗਤਾਰ ਸਿੰਘ** ਅਤੇ **ਡਾ. ਰਾਜਬਿੰਦਰ ਸਿੰਘ** ਦੇ ਯਤਨਾਂ ਸਦਕਾ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ।

ਮਿਤੀ 07 ਫ਼ਰਵਰੀ 2024 ਨੂੰ ਵਿਭਾਗ ਵੱਲੋਂ **Mental Health Awareness Programme** ਕਰਵਾਇਆ ਗਿਆ। ਇਸ ਮੌਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਐੱਨ.ਐੱਸ.ਐੱਸ. ਕੋਆਰਡੀਨੇਟਰ **ਡਾ. ਮਮਤਾ ਸ਼ਰਮਾ** ਨੇ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ।

ਮਿਤੀ 23 ਫ਼ਰਵਰੀ 2024 ਨੂੰ ਐੱਨ.ਐੱਸ.ਐੱਸ. ਦੇ 20 ਵਲੰਟੀਅਰਾਂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਆਯੋਜਿਤ **ਯੂਥ ਕਨਵੈਨਸ਼ਨ** ਵਿੱਚ ਭਾਗ ਲਿਆ।

ਮਿਤੀ 24 ਫ਼ਰਵਰੀ 2024 ਤੋਂ 01 ਮਾਰਚ 2024 ਤੱਕ **ਸੱਤ ਰੋਜ਼ਾ ਵਿਸ਼ੇਸ਼ ਐੱਨ.ਐੱਸ.ਐੱਸ. ਕੈਂਪ** ਲਗਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਦੀ ਸਖ਼ਸ਼ੀਅਤ ਉਸਾਰੀ ਅਤੇ ਉਨ੍ਹਾਂ ਨੂੰ ਸਫ਼ਾਈ ਪ੍ਰਤੀ ਜਾਗਰੂਕ ਕਰਨ ਦੇ ਉਦੇਸ਼ ਨਾਲ ਸਬੰਧਤ ਭਾਸ਼ਣ ਮੁਕਾਬਲੇ ਕਰਵਾਏ ਗਏ ਅਤੇ ਵਿਸ਼ਾ ਮਾਹਿਰਾਂ ਵੱਲੋਂ ਲੈਕਚਰ ਵੀ ਦਿੱਤੇ ਗਏ। ਉਪਰੋਕਤ ਤੋਂ ਇਲਾਵਾ ਵਿਦਿਆਰਥੀਆਂ ਦਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ **ਵਿਦਿਅਕ ਅਤੇ ਧਾਰਮਿਕ ਦੌਰੇ** ਕਰਵਾਏ ਗਏ।

ਮਿਤੀ 22 ਮਾਰਚ 2024 ਨੂੰ **ਖ਼ੂਨਦਾਨ ਕੈਂਪ** ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਸਰਕਾਰੀ ਰਜਿੰਦਰਾ ਹਸਤਪਾਲ ਪਟਿਆਲਾ ਦੀ ਟੀਮ ਨੇ ਸ਼ਿਰਕਤ ਕੀਤੀ। ਕੈਂਪ ਦੌਰਾਨ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਅਤੇ ਸਟਾਫ਼ ਮੈਂਬਰਾਂ ਨੇ ਖ਼ੂਨਦਾਨ ਕੀਤਾ।

## 39. ਕਾਲਜ ਵੱਲੋਂ ਮਨਾਏ ਗਏ ਖ਼ਾਸ ਦਿਵਸ:

### 39.1 ਕਾਲਜ ਦਾ ਸਥਾਪਨਾ ਦਿਵਸ:

ਮਿਤੀ 18 ਜੁਲਾਈ 2023 ਨੂੰ ਕਾਲਜ ਦਾ **63ਵਾਂ ਸਥਾਪਨਾ ਦਿਵਸ ਮਨਾਇਆ ਗਿਆ**। ਇਸ ਮੌਕੇ ਕਾਲਜ ਦੇ ਗੁਰਦੁਆਰਾ ਸਾਹਿਬ ਵਿਖੇ **ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ** ਅਤੇ ਕੀਰਤਨ ਉਪਰੰਤ ਕਾਲਜ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ। ਇਸ ਸਮਾਗਮ ਦੌਰਾਨ ਕਾਲਜ ਦੀ ਗਵਰਨਿੰਗ ਬਾਡੀ ਦੇ ਆਨਰੇਰੀ ਸਕੱਤਰ **ਸ. ਸੁਰਜੀਤ ਸਿੰਘ ਰੱਖੜਾ**

ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਮੈਂਬਰ **ਸ. ਸਤਵਿੰਦਰ ਸਿੰਘ ਟੌਹੜਾ, ਪ੍ਰਿੰਸੀਪਲ ਸਾਹਿਬ ਅਤੇ ਸਟਾਫ਼ ਮੈਂਬਰਾਂ ਦੁਆਰਾ** ਕਾਲਜ ਕੈਂਪਸ ਵਿਖੇ **63 ਫ਼ਲਦਾਰ ਪੌਦੇ ਲਗਾਏ** ਗਏ।

**39.2 ਰਾਸ਼ਟਰੀ ਡਾਕਟਰ ਦਿਵਸ:**

ਮਿਤੀ 01 ਜੁਲਾਈ 2023 ਨੂੰ ਸਕੂਲ ਆਫ਼ ਕਾਮਰਸ ਐਂਡ ਮੈਨੇਜਮੈਂਟ ਦੇ ਡਿਵਨਿਟੀ ਕਲੱਬ ਵੱਲੋਂ **ਰਾਸ਼ਟਰੀ ਡਾਕਟਰ ਦਿਵਸ** ਨੂੰ ਸਮਰਪਿਤ ਆਪਣੇ **ਡਾਕਟਰ ਦਾ ਸਨਮਾਨ ਕਰੋ** ਵਿਸ਼ੇ 'ਤੇ ਗਤੀਵਿਧੀ ਦਾ ਆਯੋਜਨ ਕੀਤਾ ਗਿਆ।

**39.3 ਸੁਤੰਤਰਤਾ ਦਿਵਸ:**

ਮਿਤੀ 15 ਅਗਸਤ 2023 ਨੂੰ ਸਕੂਲ ਆਫ਼ ਕਾਮਰਸ ਐਂਡ ਮੈਨੇਜਮੈਂਟ ਵੱਲੋਂ **ਸੁਤੰਤਰਤਾ ਦਿਵਸ** ਨੂੰ ਸਮਰਪਿਤ **ਭਾਸ਼ਣ ਮੁਕਾਬਲੇ** ਕਰਵਾਏ ਗਏ।

**39.4 ਸਵੱਛਤਾ ਪੰਦਰਵਾੜਾ:**

ਮਿਤੀ 01 ਤੋਂ 15 ਸਤੰਬਰ 2023 ਨੂੰ ਐੱਨ.ਐੱਸ.ਐੱਸ. ਵਿਭਾਗ ਵੱਲੋਂ ਯੂ.ਜੀ.ਸੀ. ਨਵੀਂ ਦਿੱਲੀ ਤੋਂ ਪ੍ਰਾਪਤ ਹਦਾਇਤਾਂ ਤਹਿਤ **ਸਵੱਛਤਾ ਪੰਦਰਵਾੜਾ** ਮਨਾਇਆ ਗਿਆ। ਇਸ ਮੌਕੇ **ਜਾਗਰੂਕਤਾ ਲੈਕਚਰ, ਪੋਸਟਰ ਮੇਕਿੰਗ, ਪ੍ਰਸਤੁਤੀਕਰਨ ਮੁਕਾਬਲੇ** ਅਤੇ **ਭਾਸ਼ਣ ਮੁਕਾਬਲੇ** ਆਯੋਜਿਤ ਕੀਤੇ ਗਏ। ਇਸ ਮੌਕੇ ਵਿਦਿਆਰਥੀਆਂ ਨੂੰ **ਸਫ਼ਾਈ ਪ੍ਰਤੀ ਸਮਰਪਿਤ ਰਹਿਣ ਦੇ ਉਦੇਸ਼ ਨਾਲ ਸਹੁੰ** ਵੀ ਚੁਕਾਈ ਗਈ।

**39.5 ਅਧਿਆਪਕ ਦਿਵਸ:**

ਮਿਤੀ 05 ਸਤੰਬਰ 2023 ਨੂੰ ਸਕੂਲ ਆਫ਼ ਕਾਮਰਸ ਐਂਡ ਮੈਨੇਜਮੈਂਟ, ਅੰਗ੍ਰੇਜ਼ੀ ਵਿਭਾਗ, ਪੰਜਾਬੀ ਵਿਭਾਗ ਅਤੇ ਸੰਗੀਤ ਵਿਭਾਗ ਵੱਲੋਂ **ਅਧਿਆਪਕ ਦਿਵਸ** ਮਨਾਇਆ ਗਿਆ। ਇਸੇ ਹੀ ਦਿਨ ਅਧਿਆਪਕ ਦਿਵਸ ਨੂੰ ਸਮਰਪਿਤ ਕੰਪਿਊਟਰ ਸਾਇੰਸ ਵਿਭਾਗ ਵੱਲੋਂ **ਪੋਸਟਰ ਬਣਵਾਏ** ਗਏ, ਪੋਸਟ ਗ੍ਰੈਜੂਏਟ ਵਿਭਾਗ ਵੱਲੋਂ ਵਿਭਾਗ ਦੇ ਸਾਬਕਾ ਵਿਦਿਆਰਥੀਆਂ ਨਾਲ **Interactive Meet** ਦਾ ਆਯੋਜਨ ਕੀਤਾ ਗਿਆ, ਹਿੰਦੀ ਵਿਭਾਗ ਵੱਲੋਂ **Paper Reading Competition** ਦਾ ਆਯੋਜਨ ਕੀਤਾ ਗਿਆ, ਗਣਿਤ ਵਿਭਾਗ ਵੱਲੋਂ **ਸੱਭਿਆਚਾਰਕ ਗਤੀਵਿਧੀਆਂ** ਅਤੇ **ਖੇਡਾਂ** ਦਾ ਆਯੋਜਨ ਕੀਤਾ ਗਿਆ। ਉਪਰੋਕਤ ਤੋਂ ਇਲਾਵਾ ਕੈਮਿਸਟਰੀ ਵਿਭਾਗ ਅਤੇ ਖੇਤੀਬਾੜੀ ਵਿਭਾਗ ਵੱਲੋਂ ਵੀ **ਅਧਿਆਪਕ ਦਿਵਸ** ਮਨਾਇਆ ਗਿਆ।

**39.6 ਹਿੰਦੀ ਦਿਵਸ:**

ਮਿਤੀ 13 ਸਤੰਬਰ 2023 ਨੂੰ **ਹਿੰਦੀ ਵਿਭਾਗ** ਵੱਲੋਂ **ਹਿੰਦੀ ਦਿਵਸ** ਮਨਾਇਆ ਗਿਆ। ਇਸ ਮੌਕੇ **ਕਵਿਤਾ ਉਚਾਰਣ ਪ੍ਰਤੀਯੋਗਿਤਾ** ਕਰਵਾਈ ਗਈ।

### 39.7 ਵਾਇਲਡ ਲਾਈਫ਼ ਹਫ਼ਤਾ:

ਮਿਤੀ 02 ਤੋਂ 08 ਅਕਤੂਬਰ 2023 ਨੂੰ ਜ਼ੁਆਲੋਜੀ ਵਿਭਾਗ ਦੁਆਰਾ **ਵਾਇਲਡ ਲਾਈਫ਼ ਵੀਕ** ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਦੇ **ਪੋਸਟਰ ਪ੍ਰੈਜ਼ੈਂਟੇਸ਼ਨ** ਅਤੇ **ਕੁਇਜ਼ ਮੁਕਾਬਲੇ** ਆਯੋਜਿਤ ਕੀਤੇ ਗਏ।

### 39.8 ਮਾਨਸਿਕ ਸਿਹਤ ਦਿਵਸ:

ਮਿਤੀ 10 ਅਕਤੂਬਰ 2023 ਨੂੰ ਸਕੂਲ ਆਫ਼ ਕਾਮਰਸ ਐਂਡ ਮੈਨੇਜਮੈਂਟ ਵੱਲੋਂ **ਮਾਨਸਿਕ ਸਿਹਤ ਦਿਵਸ** ਨੂੰ ਸਮਰਪਿਤ ਮਾਨਸਿਕ ਸਿਹਤ ਇੱਕ ਸਰਵ ਵਿਆਪੀ ਮਨੁੱਖੀ ਅਧਿਕਾਰ ਹੈ, ਵਿਸ਼ੇ ’ਤੇ **ਆਪਣੇ ਮਨ ਨੂੰ ਸਿਹਤਮੰਦ ਰੱਖੋ** ਨਾਂ ਦੀ ਗਤੀਵਿਧੀ ਆਯੋਜਿਤ ਕੀਤੀ ਗਈ।

### 39.9 ਅੰਤਰਰਾਸ਼ਟਰੀ ਬਾਲੜੀ ਦਿਵਸ:

ਮਿਤੀ 11 ਅਕਤੂਬਰ 2023 ਨੂੰ ਨੰਨ੍ਹੀ ਛਾਂ ਸੈੱਲ ਅਤੇ ਵਿਦਿਆਰਥੀ ਭਲਾਈ ਕਮੇਟੀ (ਲੜਕੀਆਂ) ਵੱਲੋਂ **ਅੰਤਰਰਾਸ਼ਟਰੀ ਬਾਲੜੀ ਦਿਵਸ** ਮਨਾਇਆ ਗਿਆ। ਇਸ ਦਿਵਸ ਨੂੰ ਮਨਾਉਣ ਦਾ ਮੁੱਖ ਮਕਸਦ ਵਿਦਿਆਰਥੀਆਂ ਅੰਦਰ ਛੋਟੀਆਂ ਬੱਚੀਆਂ ਪ੍ਰਤੀ ਵਿਦਿਆ, ਪੌਸ਼ਟਿਕ ਆਹਾਰ, ਸਿਹਤ ਸਬੰਧੀ ਸਹੂਲਤਾਂ, ਬਾਲ ਵਿਆਹ, ਉਨ੍ਹਾਂ ’ਤੇ ਹੁੰਦੇ ਤਸ਼ੱਦਦ ਅਤੇ ਉਨ੍ਹਾਂ ਦੇ ਕਾਨੂੰਨੀ ਹੱਕਾਂ ਸਬੰਧੀ ਜਾਗਰੂਕਤਾ ਪੈਦਾ ਕਰਨਾ ਸੀ। ਇਸ ਮੌਕੇ ਇਸ ਕਮੇਟੀ ਅਤੇ ਸੈੱਲ ਵੱਲੋਂ ਵਿਦਿਆਰਥੀਆਂ ਦੇ **Our Time is now-Our Rights** ਵਿਸ਼ੇ ’ਤੇ **ਤ੍ਰੈ-ਭਾਸ਼ਾਈ ਲੇਖ ਲਿਖਣ ਮੁਕਾਬਲੇ** ਕਰਵਾਏ ਗਏ।

### 39.10 ਸਰਦਾਰ ਵੱਲਭ ਭਾਈ ਪਟੇਲ ਦਾ ਜਨਮ ਦਿਹਾੜਾ:

ਮਿਤੀ 25 ਤੋਂ 31 ਅਕਤੂਬਰ 2023 ਨੂੰ ਐੱਨ.ਐੱਸ.ਐੱਸ. ਵਿਭਾਗ ਵੱਲੋਂ ਸਰਦਾਰ ਵੱਲਭ ਭਾਈ ਪਟੇਲ ਦੇ ਜਨਮ ਦਿਹਾੜੇ ਨੂੰ ਸਮਰਪਿਤ **ਰਾਸ਼ਟਰੀ ਏਕਤਾ ਹਫ਼ਤਾ** ਮਨਾਇਆ ਗਿਆ। ਇਸ ਮੌਕੇ ਭਾਰਤ ਦੇ ਏਕੀਕ੍ਰਿਤ ਵਿੱਚ ਸਰਦਾਰ ਪਟੇਲ ਦੇ ਪਾਏ ਯੋਗਦਾਨ ਨੂੰ ਉਜਾਗਰ ਕਰਨ ਹਿੱਤ ਗਤੀਵਿਧੀਆਂ ਕਰਵਾਈਆਂ ਗਈਆਂ।

### 39.11 ਭ੍ਰਿਸ਼ਟਾਚਾਰ ਵਿਰੋਧੀ ਜਾਗਰੂਕਤਾ ਹਫ਼ਤਾ:

ਮਿਤੀ 30 ਅਕਤੂਬਰ 2023 ਤੋਂ 05 ਨਵੰਬਰ 2023 ਨੂੰ ਐੱਨ.ਐੱਸ.ਐੱਸ. ਵਿਭਾਗ ਦੁਆਰਾ ਵਿਜੀਲੈਂਸ ਬਿਊਰੋ ਪਟਿਆਲਾ ਦੇ ਸਹਿਯੋਗ ਨਾਲ **ਭ੍ਰਿਸ਼ਟਾਚਾਰ ਵਿਰੋਧੀ ਜਾਗਰੂਕਤਾ ਹਫ਼ਤਾ** ਮਨਾਇਆ ਗਿਆ। ਇਸ ਮੌਕੇ ਇੰਸਪੈਕਟਰ **ਹਰਸਿਮਰਨਜੀਤ ਸਿੰਘ** ਅਤੇ ਏ.ਐੱਸ.ਆਈ. **ਸੁਖਵਿੰਦਰ ਸਿੰਘ** ਨੇ ਵਿਦਿਆਰਥੀਆਂ ਨੂੰ **ਪੰਜਾਬ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਵਿਰੋਧੀ ਚਲਾਏ ਜਾ ਰਹੇ ਵੱਖ-ਵੱਖ ਪ੍ਰੋਗਰਾਮਾਂ ਪ੍ਰਤੀ ਜਾਗਰੂਕ** ਕੀਤਾ।

### 39.12 ਕੈਂਸਰ ਅਵੇਅਰਨੈਸ ਡੇ:

ਮਿਤੀ 07 ਨਵੰਬਰ 2023 ਨੂੰ ਬਾਇਓਟੈਕਨਾਲੋਜੀ ਵਿਭਾਗ ਵੱਲੋਂ **ਕੈਂਸਰ ਅਵੇਰਨੈਸ ਡੇ** ਨੂੰ ਸਮਰਪਿਤ ਵਿਦਿਆਰਥੀਆਂ ਵੱਲੋਂ **ਪੋਸਟਰ** ਬਣਵਾਏ ਗਏ।

### 39.13 ਸੰਪਰਦਾਇਕ ਸਦਭਾਵਨਾ ਹਫ਼ਤਾ:

ਮਿਤੀ 19 ਤੋਂ 25 ਨਵੰਬਰ 2023 ਨੂੰ ਐੱਨ.ਐੱਸ.ਐੱਸ. ਵਿਭਾਗ ਵੱਲੋਂ **ਸੰਪਰਦਾਇਕ ਸਦਭਾਵਨਾ ਹਫ਼ਤਾ** ਮਨਾਇਆ ਗਿਆ। ਇਸ ਮੌਕੇ ਪ੍ਰਿੰਸੀਪਲ **ਡਾ. ਧਰਮਿੰਦਰ ਸਿੰਘ ਉੱਭਾ** ਨੇ ਗੁਰਬਾਣੀ ਦੇ ਮਹਾਂਵਾਕ **ਏਕ ਨੂਰ ਤੇ ਸਭੁ ਜਗ ਉਪਜਿਆ** ਅਨੁਸਾਰ ਮਨੁੱਖੀ ਜਗਤ ਨੂੰ ਇਕਸਾਰ ਸਮਝਣ ਤੇ ਮਾਨਤਾ ਦੇਣ ਲਈ ਪ੍ਰੇਰਿਤ ਕੀਤਾ।

### 39.14 ਸੰਵਿਧਾਨ ਦਿਵਸ:

ਮਿਤੀ 24 ਨਵੰਬਰ 2023 ਨੂੰ ਯੂ.ਜੀ.ਸੀ. ਨਵੀਂ ਦਿੱਲੀ ਅਤੇ ਐੱਨ.ਐੱਸ.ਐੱਸ. ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪ੍ਰਾਪਤ ਹਦਾਇਤਾਂ ਤਹਿਤ ਪੋਸਟ ਗ੍ਰੈਜੂਏਟ ਰਾਜਨੀਤੀ ਵਿਗਿਆਨ ਵਿਭਾਗ ਅਤੇ ਐੱਨ.ਐੱਸ.ਐੱਸ. ਵਿਭਾਗ ਦੁਆਰਾ ਸਾਂਝੇ ਤੌਰ ’ਤੇ **ਸੰਵਿਧਾਨ ਦਿਵਸ** ਮਨਾਇਆ ਗਿਆ। ਇਸ ਮੌਕੇ ਪ੍ਰਿੰਸੀਪਲ **ਡਾ. ਧਰਮਿੰਦਰ ਸਿੰਘ ਉੱਭਾ** ਨੇ ਭਾਰਤੀ ਸੰਵਿਧਾਨ ਅੰਦਰ ਸ਼ਾਮਿਲ ਅਧਿਕਾਰਾਂ ਤੇ ਕਰਤੱਵਾਂ ਬਾਰੇ ਚਾਨਣਾ ਪਾਇਆ। ਉਪਰੋਕਤ ਤੋਂ ਇਲਾਵਾ ਵਿਦਿਆਰਥੀਆਂ ਦੇ **ਭਾਰਤੀ ਸੰਵਿਧਾਨ ਅਤੇ ਮੌਲਿਕ ਅਧਿਕਾਰ** ਵਿਸ਼ੇ ’ਤੇ **ਭਾਸ਼ਣ ਮੁਕਾਬਲੇ ਕਰਵਾਏ** ਗਏ।

### 39.15 ਭਾਈ ਵੀਰ ਸਿੰਘ ਦਾ ਜਨਮ ਦਿਹਾੜਾ:

ਮਿਤੀ 05 ਦਸੰਬਰ 2023 ਨੂੰ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਵੱਲੋਂ ਭਾਈ **ਵੀਰ ਸਿੰਘ ਦਾ ਜਨਮ ਦਿਹਾੜਾ** ਮਨਾਇਆ ਗਿਆ। ਇਸ ਮੌਕੇ ਪ੍ਰਿੰਸੀਪਲ **ਡਾ. ਧਰਮਿੰਦਰ ਸਿੰਘ ਉੱਭਾ** ਅਤੇ ਵੱਖ-ਵੱਖ ਵਿਭਾਗਾਂ ਦੇ ਪ੍ਰੋਫ਼ੈਸਰ ਸਾਹਿਬਾਨ ਨੇ **ਭਾਈ ਵੀਰ ਸਿੰਘ ਦੇ ਜੀਵਨ ਨਾਲ ਸਬੰਧਤ ਵਿਚਾਰ** ਪੇਸ਼ ਕੀਤੇ।

### 39.16 ਬੇਟੀ ਬਚਾਓ ਬੇਟੀ ਪੜ੍ਹਾਓ:

ਮਿਤੀ 18 ਜਨਵਰੀ 2024 ਨੂੰ ਵਿਦਿਆਰਥੀ ਭਲਾਈ ਕਮੇਟੀ (ਲੜਕੀਆਂ) ਅਤੇ ਨੰਨ੍ਹੀ ਛਾਂ ਸੈੱਲ ਵੱਲੋਂ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ, ਮਨਿਸਟਰੀ ਆਫ਼ ਐਜੂਕੇਸ਼ਨ, ਗੌਰਮਿੰਟ ਆਫ਼ ਇੰਡੀਆ ਦੇ ਦਿਸ਼ਾ ਨਿਰਦੇਸ਼ਾਂ ਤਹਿਤ **ਬੇਟੀ ਬਚਾਓ ਬੇਟੀ ਪੜਾਓ** ਦਿਵਸ ਮਨਾਇਆ ਗਿਆ। ਇਸ ਮੌਕੇ ਲੜਕੇ ਅਤੇ ਲੜਕੀਆਂ ਦੀ ਬਰਾਬਰਤਾ, ਲੜਕੀਆਂ ਨੂੰ ਸੁਰੱਖਿਅਤ ਰੱਖਣ ਅਤੇ ਉੱਚ ਸਿੱਖਿਆ ਪ੍ਰਦਾਨ ਕਰਨ ਪ੍ਰਤੀ ਚੇਤੰਨ ਕਰਨ ਹਿੱਤ ਵਿਦਿਆਰਥੀਆਂ ਦੇ **ਲੋਗੋ ਬਣਾਉਣ** ਅਤੇ **ਪੋਸਟਰ ਮੇਕਿੰਗ ਮੁਕਾਬਲੇ** ਆਯੋਜਿਤ ਕੀਤੇ ਗਏ।

### 39.17 ਨਾਰੀ ਸਸ਼ਕਤੀਕਰਣ:

ਮਿਤੀ 24 ਜਨਵਰੀ 2024 ਨੂੰ ਵਿਦਿਆਰਥੀ ਭਲਾਈ ਕਮੇਟੀ (ਲੜਕੀਆਂ) ਅਤੇ ਨੰਨ੍ਹੀ ਛਾਂ ਸੈੱਲ ਵੱਲੋਂ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ, ਮਨਿਸਟਰੀ ਆਫ਼ ਐਜੂਕੇਸ਼ਨ, ਗੌਰਮਿੰਟ ਆਫ਼ ਇੰਡੀਆ ਦੇ ਦਿਸ਼ਾ ਨਿਰਦੇਸ਼ਾਂ ਤਹਿਤ **ਨਾਰੀ ਸਸ਼ਕਤੀਕਰਣ ਦਿਵਸ** ਮਨਾਇਆ ਗਿਆ। ਇਸ ਮੌਕੇ ਨਾਰੀ ਨੂੰ ਸਵੈ-ਨਿਰਭਰ ਬਣਾਉਣ, ਆਤਮ ਨਿਰਣੇ ਲੈਣ ਅਤੇ ਸਮਾਜ ਵਿੱਚ ਮਰਦ ਦੇ ਬਰਾਬਰ ਦੀ ਭਾਗੇਦਾਰੀ ਪ੍ਰਤੀ ਸੁਚੇਤ ਕਰਨ ਦੇ ਵਿਸ਼ੇ ਹਿੱਤ ਵਿਦਿਆਰਥੀਆਂ ਦੇ **ਪੇਪਰ ਪ੍ਰਸਤੁਤੀ ਮੁਕਾਬਲੇ** ਕਰਵਾਏ ਗਏ।

### 39.18 ਰਾਸ਼ਟਰੀ ਵੋਟਰ ਦਿਵਸ:

ਮਿਤੀ 25 ਜਨਵਰੀ 2024 ਨੂੰ ਪੋਸਟ ਗ੍ਰੈਜੂਏਟ ਰਾਜਨੀਤੀ ਵਿਗਿਆਨ ਵਿਭਾਗ ਵੱਲੋਂ ਭਾਰਤ ਚੋਣ ਕਮਿਸ਼ਨ ਅਤੇ ਪੰਜਾਬ ਸਰਕਾਰ ਤੋਂ ਪ੍ਰਾਪਤ ਹਦਾਇਤਾਂ ਤਹਿਤ ਰਾਸ਼ਟਰੀ ਵੋਟਰ ਦਿਵਸ ਨੂੰ ਸਮਰਪਿਤ ਆਯੋਜਿਤ ਕੀਤੀ ਗਈ ਗਤੀਵਿਧੀ ਦੌਰਾਨ ਵਿਭਾਗ ਦੇ ਮੁਖੀ **ਡਾ. ਜਗਤਾਰ ਸਿੰਘ** ਨੇ ਵਿਦਿਆਰਥੀਆਂ ਨੂੰ **ਵੋਟ ਦੇ ਅਧਿਕਾਰ ਦੀ ਉੱਚਿਤ ਅਤੇ ਲਾਜ਼ਮੀ ਵਰਤੋਂ** ਕਰਨ ਲਈ **ਸਹੁੰ** ਚੁਕਾਈ।

### 39.19 ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ:

ਮਿਤੀ 20 ਫ਼ਰਵਰੀ 2024 ਨੂੰ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਅਤੇ ਪੰਜਾਬੀ ਸਾਹਿਤ ਸਭਾ ਵੱਲੋਂ **ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ** ਨੂੰ ਸਮਰਪਿਤ ਦੋ ਰੋਜ਼ਾ **ਸਾਡੀ ਬੋਲੀ ਸਾਡਾ ਮਾਣ** ਸਮਾਗਮ ਆਯੋਜਿਤ ਕੀਤਾ ਗਿਆ। ਇਸ ਸਮਾਗਮ ਦੌਰਾਨ ਪ੍ਰਿੰਸੀਪਲ **ਡਾ. ਧਰਮਿੰਦਰ ਸਿੰਘ ਉੱਭਾ** ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਸਮਾਗਮ ਦੇ ਪਹਿਲੇ ਦਿਨ ਵਿਦਿਆਰਥੀਆਂ ਦਾ **ਸਲੋਗਨ ਲੇਖਣ ਮੁਕਾਬਲਾ** ਕਰਵਾਇਆ ਗਿਆ। ਸਮਾਗਮ ਦੇ ਦੂਜੇ ਦਿਨ **ਡਾ. ਦਵਿੰਦਰ ਸਿੰਘ** ਨੇ **ਮਾਤ ਭਾਸ਼ਾ ਸਬੰਧੀ ਲੈਕਚਰ** ਦਿੱਤਾ ਅਤੇ **ਮਾਤ ਭਾਸ਼ਾ ਜਾਗਰੂਕਤਾ ਰੈਲੀ** ਕੱਢੀ ਗਈ।

### 39.20 ਯੂ.ਐੱਨ.ਸੋਸ਼ਲ ਜਸਟਿਸ ਡੇ:

ਮਿਤੀ 20 ਫ਼ਰਵਰੀ 2024 ਨੂੰ ਸਮਾਜ ਵਿਗਿਆਨ ਵਿਭਾਗ ਦੁਆਰਾ **ਯੂ.ਐੱਨ.ਸੋਸ਼ਲ ਜਸਟਿਸ ਡੇ** ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੇ ਸੋਸ਼ਲ ਜਸਟਿਸ ਡੇ ਦੇ ਵਿਸ਼ੇ 'ਤੇ **ਭਾਸ਼ਣ** ਦਿੱਤੇ।

### 39.21 ਵਿਸ਼ਵ ਸ਼ਾਂਤੀ ਅਤੇ ਸਮਝ ਦਿਵਸ:

ਮਿਤੀ 23 ਫ਼ਰਵਰੀ 2024 ਨੂੰ ਸਕੂਲ ਆਫ਼ ਕਾਮਰਸ ਐਂਡ ਮੈਨੇਜਮੈਂਟ ਦੇ ਡਿਵਨਿਟੀ ਕਲੱਬ ਵੱਲੋਂ **ਵਿਸ਼ਵ ਸ਼ਾਂਤੀ ਅਤੇ ਸਮਝ ਦਿਵਸ** ਨੂੰ ਸਮਰਪਿਤ **ਮੋਮੈਂਟ ਆਫ਼ ਸਾਇਲੈਂਸ** ਗਤੀਵਿਧੀ ਆਯੋਜਿਤ ਕੀਤੀ ਗਈ।

### 39.22 ਅੰਤਰਰਾਸ਼ਟਰੀ ਨਾਰੀ ਦਿਵਸ:

ਮਿਤੀ 27 ਫ਼ਰਵਰੀ 2024 ਨੂੰ ਵਿਦਿਆਰਥੀ ਭਲਾਈ ਕਮੇਟੀ (ਲੜਕੀਆਂ) ਅਤੇ ਨੰਨ੍ਹੀ ਛਾਂ ਸੈੱਲ ਵੱਲੋਂ **ਅੰਤਰਰਾਸ਼ਟਰੀ ਨਾਰੀ ਦਿਵਸ** ਮਨਾਇਆ ਗਿਆ। ਇਸ ਮੌਕੇ ਕਾਲਜ ਦੇ ਥੀਏਟਰ ਵਿਭਾਗ ਦੇ

ਵਿਦਿਆਰਥੀਆਂ ਵੱਲੋਂ **ਮੈਂ ਪੰਜਾਬ ਬੋਲਦਾ ਹਾਂ** ਨੁੱਕੜ ਨਾਟਕ ਖੇਡਿਆ ਗਿਆ ਅਤੇ ਵਿਦਿਆਰਥਣਾਂ ਨੂੰ ਨਾਰੀ ਸਸ਼ਕਤੀਕਰਣ ਵਿਸ਼ੇ 'ਤੇ **ਦੋ ਡਾਕੂਮੈਂਟਰੀ ਫ਼ਿਲਮਾਂ** ਦਿਖਾਈਆਂ ਗਈਆਂ।

### 39.23 ਸਾਇੰਸ ਡੇ:

ਮਿਤੀ 28 ਫ਼ਰਵਰੀ 2024 ਨੂੰ ਕੈਮਿਸਟਰੀ ਵਿਭਾਗ ਵੱਲੋਂ **ਸਾਇੰਸ ਡੇ** ਨੂੰ ਸਮਰਪਿਤ ਥਾਪਰ ਯੂਨੀਵਰਸਿਟੀ ਪਟਿਆਲਾ ਦੇ ਪ੍ਰੋਫ਼ੈਸਰ **ਡਾ. ਸਤਨਾਮ ਸਿੰਘ** ਦਾ **Atomic Spectroscopy** ਵਿਸ਼ੇ 'ਤੇ **ਲੈਕਚਰ** ਕਰਵਾਇਆ ਗਿਆ।

### 39.24 ਅੰਤਰਰਾਸ਼ਟਰੀ ਮਹਿਲਾ ਦਿਵਸ:

ਮਿਤੀ 07 ਮਾਰਚ 2024 ਨੂੰ ਪੋਸਟ ਗ੍ਰੈਜੂਏਟ ਰਾਜਨੀਤੀ ਵਿਗਿਆਨ ਵਿਭਾਗ ਅਤੇ ਬੀ.ਏ. ਸੋਸ਼ਲ ਸਾਇੰਸਿਜ਼ ਵਿਭਾਗ ਵੱਲੋਂ ਜ਼ਿਲ੍ਹਾ ਚੋਣ ਅਫ਼ਸਰ ਪਟਿਆਲਾ ਤੋਂ ਪ੍ਰਾਪਤ ਹਦਾਇਤਾਂ ਤਹਿਤ **ਅੰਤਰਰਾਸ਼ਟਰੀ ਮਹਿਲਾ ਦਿਵਸ** ਨੂੰ ਸਮਰਪਿਤ ਚੋਣਾਂ ਵਿੱਚ ਮਹਿਲਾਵਾਂ ਦੀ ਭਾਗੀਦਾਰੀ ਦਾ ਮਹੱਤਵ ਵਿਸ਼ੇ 'ਤੇ **ਲੇਖ ਲਿਖਣ ਮੁਕਾਬਲੇ** ਦਾ ਆਯੋਜਨ ਕੀਤਾ ਗਿਆ।

### 39.25 ਵਿਸ਼ਵ ਕਵਿਤਾ ਦਿਵਸ:

ਮਿਤੀ 21 ਮਾਰਚ 2024 ਨੂੰ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਅਤੇ ਪੰਜਾਬੀ ਸਹਿਤ ਸਭਾ ਵੱਲੋਂ **ਵਿਸ਼ਵ ਕਵਿਤਾ ਦਿਵਸ** ਨੂੰ ਸਮਰਪਿਤ ਵਿਦਿਆਰਥੀਆਂ ਦਾ **ਮੌਕੇ 'ਤੇ ਕਵਿਤਾ ਲਿਖਣ ਮੁਕਾਬਲਾ** ਕਰਵਾਇਆ ਗਿਆ। ਇਸ ਮੌਕੇ ਪ੍ਰਿੰਸੀਪਲ **ਡਾ. ਧਰਮਿੰਦਰ ਸਿੰਘ ਉੱਭਾ** ਨੇ ਵਿਦਿਆਰਥੀਆਂ ਨੂੰ ਸੰਬੋਧਨ ਵੀ ਕੀਤਾ।

### 39.26 ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦਾ ਸ਼ਹੀਦੀ ਦਿਵਸ:

ਮਿਤੀ 23 ਮਾਰਚ 2024 ਨੂੰ ਥੀਏਟਰ ਸਟੱਡੀਜ਼ ਵਿਭਾਗ ਦੁਆਰਾ **ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ ਸ਼ਹੀਦੀ ਦਿਹਾੜੇ** ਨੂੰ ਸਮਰਪਿਤ **ਛਿਪਣ ਤੋਂ ਪਹਿਲਾਂ** ਨਾਟਕ ਦੀ ਪੇਸ਼ਕਾਰੀ ਕੀਤੀ।

### 39.27 ਰਾਸ਼ਟਰੀ ਖੇਡ ਦਿਵਸ:

ਮਿਤੀ 29 ਅਪ੍ਰੈਲ 2024 ਨੂੰ ਕਾਲਜ ਦੇ ਸਰੀਰਕ ਸਿੱਖਿਆ ਅਤੇ ਖੇਡ ਵਿਭਾਗ ਵੱਲੋਂ **ਹਾਕੀ ਦੇ ਮਹਾਨ ਖਿਡਾਰੀ ਮੇਜਰ ਧਿਆਨ ਚੰਦ** ਦੇ **ਜਨਮ ਦਿਨ** ਨੂੰ ਸਮਰਪਿਤ **ਰਾਸ਼ਟਰੀ ਖੇਡ ਦਿਵਸ** ਮਨਾਇਆ ਗਿਆ।

### 39.28 ਅੰਤਰਰਾਸ਼ਟਰੀ ਪ੍ਰਮਾਣੂ ਪ੍ਰੀਖਣ ਵਿਰੋਧੀ ਦਿਵਸ:

ਮਿਤੀ 30 ਅਪ੍ਰੈਲ 2024 ਨੂੰ ਕਾਲਜ ਦੇ ਸਮਾਜ ਸ਼ਾਸਤਰ ਵਿਭਾਗ ਵੱਲੋਂ **ਅੰਤਰਰਾਸ਼ਟਰੀ ਪ੍ਰਮਾਣੂ ਪ੍ਰੀਖਣ ਵਿਰੋਧੀ ਦਿਵਸ** ਮਨਾਇਆ ਗਿਆ। ਕਾਲਜ ਦਾ ਇਹ ਦਿਵਸ ਮਨਾਉਣ ਦਾ ਮੁੱਖ ਮਕਸਦ

ਵਿਦਿਆਰਥੀਆਂ ਵਿੱਚ **ਪ੍ਰਮਾਣੂ ਪ੍ਰੀਖਣ ਦੇ ਮਨੁੱਖਤਾ ਅਤੇ ਵਾਤਾਵਰਣ ਉੱਤੇ ਪੈਣ ਵਾਲੇ ਵਿਨਾਸ਼ਕਾਰੀ ਪ੍ਰਭਾਵਾਂ ਬਾਰੇ ਜਾਗਰੂਕਤਾ** ਪੈਦਾ ਕਰਨਾ ਸੀ।

### 39.29 ਵਿਸ਼ਵ ਵਾਤਾਵਰਣ ਦਿਵਸ:

ਮਿਤੀ 5 ਜੂਨ 2024 ਨੂੰ ਕਾਲਜ ਦੇ ਐੱਨ.ਸੀ.ਸੀ. ਨੇਵਲ ਵਿੰਗ ਵੱਲੋਂ 01 ਪੰਜਾਬ ਨੇਵਲ ਯੂਨਿਟ ਐੱਨ.ਸੀ.ਸੀ. ਨੰਗਲ ਦੇ ਕਮਾਂਡਿੰਗ ਅਫ਼ਸਰ **ਕੈਪਟਨ ਹਰਜੀਤ ਸਿੰਘ ਦਿਓਲ** ਦੇ ਦਿਸ਼ਾ-ਨਿਰਦੇਸ਼ਾਂ ਅਤੇ ਕਾਲਜ ਪ੍ਰਿੰਸੀਪਲ **ਡਾ. ਧਰਮਿੰਦਰ ਸਿੰਘ ਉੱਭਾ** ਦੀ ਸੁਯੋਗ ਅਗਵਾਈ ਅਧੀਨ **ਵਿਸ਼ਵ ਵਾਤਾਵਰਣ ਦਿਵਸ ਮਨਾਇਆ** ਗਿਆ। ਇਸ ਮੌਕੇ ਐੱਨ.ਸੀ.ਸੀ. ਕੈਡਿਟਸ ਨੇ ਕਾਲਜ ਕੈਂਪਸ ਨੂੰ **ਪਲਾਸਟਿਕ ਮੁਕਤ** ਬਣਾਉਣ ਅਤੇ **ਰੁੱਖ ਲਗਾਉਣ ਦੀਆਂ ਮੁਹਿੰਮਾਂ** ਸ਼ੁਰੂ ਕੀਤੀਆਂ।

### 39.30 ਵਿਸ਼ਵ ਸਮੁੰਦਰ ਦਿਵਸ:

ਮਿਤੀ 8 ਜੂਨ 2024 ਨੂੰ ਕਾਲਜ ਦੇ ਐੱਨ.ਸੀ.ਸੀ. ਨੇਵਲ ਵਿੰਗ ਵੱਲੋਂ 01 ਪੰਜਾਬ ਨੇਵਲ ਯੂਨਿਟ ਐੱਨ.ਸੀ.ਸੀ. ਨੰਗਲ ਦੇ ਕਮਾਂਡਿੰਗ ਅਫ਼ਸਰ **ਕੈਪਟਨ ਹਰਜੀਤ ਸਿੰਘ ਦਿਓਲ** ਦੇ ਦਿਸ਼ਾ-ਨਿਰਦੇਸ਼ਾਂ ਅਤੇ ਕਾਲਜ ਪ੍ਰਿੰਸੀਪਲ **ਡਾ. ਧਰਮਿੰਦਰ ਸਿੰਘ ਉੱਭਾ** ਦੀ ਸੁਯੋਗ ਅਗਵਾਈ ਅਧੀਨ **ਵਿਸ਼ਵ ਸਮੁੰਦਰ ਦਿਵਸ** ਮਨਾਇਆ ਗਿਆ। ਇਸ ਮੌਕੇ ਨੇਵੀ ਵਿੰਗ ਦੇ ਕੈਡਿਟਸ ਨੇ ਵਿਸ਼ਵ ਦੇ **ਸਮੁੰਦਰਾਂ ਦੀ ਸੁਰੱਖਿਆ ਲਈ ਆਪਣੀ ਦ੍ਰਿੜਤਾ ਦਾ ਪ੍ਰਦਰਸ਼ਨ** ਕੀਤਾ।

### 39.31 ਅੰਤਰਰਾਸ਼ਟਰੀ ਯੋਗਾ ਦਿਵਸ:

ਮਿਤੀ 21 ਜੂਨ 2024 ਨੂੰ ਐੱਨ.ਐੱਸ.ਐੱਸ. ਵਿਭਾਗ ਦੁਆਰਾ **ਅੰਤਰਰਾਸ਼ਟਰੀ ਯੋਗਾ ਦਿਵਸ** ਨੂੰ ਸਮਰਪਿਤ Yoga for Self and Soceity ਵਿਸ਼ੇ 'ਤੇ ਆਯੋਜਿਤ ਕੀਤੀ ਗਈ ਗਤੀਵਿਧੀ ਦੌਰਾਨ ਵਿਦਿਆਰਥੀਆਂ ਵੱਲੋਂ **ਯੋਗ ਆਸਣ** ਕੀਤੇ ਗਏ।

## 40 ਕਾਲਜ ਵੱਲੋਂ ਮਨਾਏ ਗਏ ਖ਼ਾਸ ਤਿਉਹਾਰ:

### 40.1 ਦਿਵਾਲੀ ਦਾ ਤਿਉਹਾਰ:

ਮਿਤੀ 07 ਨਵੰਬਰ 2023 ਨੂੰ ਸਕੂਲ ਆਫ਼ ਕਾਮਰਸ ਐਂਡ ਮੈਨੇਜਮੈਂਟ ਵੱਲੋਂ **ਦਿਵਾਲੀ ਦੇ ਤਿਉਹਾਰ** ਨੂੰ ਸਮਰਪਿਤ **ਰੇਡੀਐਂਟ ਕਾਮਰਸ: ਦਿਵਾਲੀ ਲਈ ਰੰਗੋਲੀ ਫਿਊਜ਼ਨ** ਵਿਸ਼ੇ 'ਤੇ **ਰੰਗੋਲੀ ਮੁਕਾਬਲੇ** ਦਾ ਆਯੋਜਨ ਕੀਤਾ ਗਿਆ ਅਤੇ ਕੈਮਿਸਟਰੀ ਵਿਭਾਗ ਵੱਲੋਂ ਇਸੇ ਤਿਉਹਾਰ ਨੂੰ ਸਮਰਪਿਤ **ਵਾਤਾਵਰਨ ਨੂੰ ਸਾਫ਼ ਰੱਖਣ** ਦੇ ਵਿਸ਼ੇ 'ਤੇ **ਸਲੋਗਨ ਰਾਈਟਿੰਗ ਕੰਪੀਟਿਸ਼ਨ** ਦਾ ਆਯੋਜਨ ਕੀਤਾ ਗਿਆ।ਇਸੇ ਹੀ ਦਿਨ ਫ਼ਿਜ਼ਿਕਸ ਵਿਭਾਗ ਵੱਲੋਂ ਦਿਵਾਲੀ ਦੇ ਤਿਉਹਾਰ ਨੂੰ ਸਮਰਪਿਤ ਕਮਿਊਨਿਟੀ ਲੰਚ ਦਾ ਆਯੋਜਨ ਕੀਤਾ ਗਿਆ। ਇਸ ਮੌਕੇ **ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ** ਨੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ।

ਮਿਤੀ 08 ਨਵੰਬਰ 2023 ਨੂੰ ਅੰਗਰੇਜ਼ੀ ਵਿਭਾਗ ਦੁਆਰਾ ਦਿਵਾਲੀ ਦੇ ਤਿਉਹਾਰ ਦੇ ਸੰਦਰਭ ਵਿੱਚ ਗਰੀਨ ਦਿਵਾਲੀ ਮਨਾਉਣ ਲਈ ਪ੍ਰੇਰਿਤ ਕੀਤਾ ਅਤੇ **Symposium Conselling and Support: Symposium on Morale Building** ਗਤੀਵਿਧੀ ਆਯੋਜਿਤ ਕੀਤੀ ਗਈ। ਇਸ ਹੀ ਦਿਨ ਕੰਪਿਊਟਰ ਸਾਇੰਸ ਵਿਭਾਗ ਵੱਲੋਂ ਦਿਵਾਲੀ ਦੇ ਤਿਉਹਾਰ ਨੂੰ ਮਨਾਉਣ ਹਿੱਤ **ਰੰਗੋਲੀ ਮੁਕਾਬਲੇ** ਦਾ ਆਯੋਜਨ ਕੀਤਾ ਗਿਆ।

ਮਿਤੀ 15 ਨਵੰਬਰ 2023 ਨੂੰ ਬੀ.ਵਾਕ. ਫੂਡ ਪ੍ਰੋਸੈਸਿੰਗ ਐਂਡ ਇੰਜਨੀਅਰਿੰਗ ਵਿਭਾਗ ਵੱਲੋਂ ਦਿਵਾਲੀ ਦੇ ਤਿਉਹਾਰ ਨੂੰ ਮਨਾਉਣ ਹਿੱਤ ਵਿਦਿਆਰਥੀਆਂ ਨੂੰ **ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਟਿਆਲਾ** ਵਿਖੇ ਲਿਜਾਇਆ ਗਿਆ ਅਤੇ ਵਿਦਿਆਰਥੀਆਂ ਨੂੰ **ਅਜਾਇਬ ਘਰ** ਵੀ ਦਿਖਾਇਆ ਗਿਆ ਤਾਂ ਜੋ ਉਹ ਸਿੱਖ ਇਤਿਹਾਸ ਵਿੱਚ ਦਿੱਤੀਆਂ ਗਈਆਂ ਕੁਰਬਾਨੀਆਂ ਨੂੰ ਚਿੱਤਰਕਲਾ ਦੇ ਰੂਪ ਵਿੱਚ ਦੇਖ ਸਕਣ।

### 40.2 ਲੋਹੜੀ ਦਾ ਤਿਉਹਾਰ:

ਮਿਤੀ 12 ਜਨਵਰੀ 2024 ਨੂੰ ਅੰਗਰੇਜ਼ੀ ਵਿਭਾਗ ਵੱਲੋਂ ਲੋਹੜੀ ਦਾ ਤਿਉਹਾਰ ਮਨਾਇਆ ਗਿਆ। ਇਸ ਮੌਕੇ ਵਿਭਾਗ ਵਿੱਚ **ਗੱਚਕ ਅਤੇ ਰਿਉੜੀਆਂ ਵੰਡ ਕੇ ਸਾਂਝੇ ਰੂਪ ਵਿੱਚ ਤਿਉਹਾਰ ਦੀ ਖੁਸ਼ੀ ਸਾਂਝੀ** ਕੀਤੀ ਗਈ।

### 40.3 ਮਿਲਟਰੀ ਲਿਟਰੇਚਰ ਫੈਸਟ:

ਮਿਤੀ 02 ਤੋਂ 03 ਫ਼ਰਵਰੀ 2024 ਨੂੰ 5 PB ਬਟਾਲੀਅਨ NCC ਵੱਲੋਂ ਸਥਾਨਕ ਕਾਲਜ ਵਿਖੇ **ਮਿਲਟਰੀ ਲਿਟਰੇਚਰ ਫੈਸਟੀਵਲ** ਦਾ ਆਯੋਜਨ ਕੀਤਾ ਗਿਆ। ਇਸ ਫੈਸਟੀਵਲ ਦੌਰਾਨ ਮਿਲਟਰੀ ਆਰਟਿਲਰੀ ਅਤੇ ਹੋਰ ਕਈ ਤਰ੍ਹਾਂ ਦੇ Equipments ਦੀ ਕਾਲਜ ਕੈਂਪਸ ਵਿਖੇ ਪ੍ਰਦਰਸ਼ਨੀ ਲਗਾਈ ਗਈ ਅਤੇ ਕਈ ਪ੍ਰਕਾਰ ਦੇ ਖੇਡ ਮੁਕਾਬਲੇ ਕਰਵਾਏ ਗਏ ਅਤੇ ਵੱਖ-ਵੱਖ ਸਭਿਆਚਾਰਾਂ ਨੂੰ ਲੋਕ ਨਾਚਾਂ ਰਾਹੀਂ ਪੇਸ਼ ਕੀਤਾ ਗਿਆ। ਇਸ ਫੈਸਟੀਵਲ ਦੌਰਾਨ ਵੱਡੀ ਗਿਣਤੀ ਵਿੱਚ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ। ਇਹ ਮੇਲਾ ਆਮ ਜਨਤਾ ਲਈ ਵੀ ਭਾਰੀ ਖਿੱਚ ਦਾ ਕੇਂਦਰ ਰਿਹਾ।

### 40.4 ਪੁਸਤਕ ਰਿਲੀਜ਼ ਸਮਾਰੋਹ:

ਮਿਤੀ 07 ਜੂਨ 2024 ਨੂੰ ਕਾਲਜ ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ ਦੇ ਕਾਵਿ ਸੰਗ੍ਰਹਿ **ਇਕੋ ਆਫ਼ ਦੀ ਸੋਲ** ਨੂੰ ਉੱਘੇ ਰੰਗਕਰਮੀ ਅਤੇ ਨਾਟਕਕਾਰ **ਡਾ. ਸਤੀਸ਼ ਕੁਮਾਰ ਵਰਮਾ** ਦੁਆਰਾ ਕਾਲਜ ਕੈਂਪਸ ਵਿਖੇ **ਰਿਲੀਜ਼** ਕੀਤਾ ਗਿਆ।

## 41. ਸਰੀਰਕ ਸਿੱਖਿਆ ਅਤੇ ਖੇਡ ਵਿਭਾਗ:

ਵਿਭਾਗ ਦੇ ਮੁਖੀ **ਡਾ. ਗੁਰਸ਼ਰਨ ਸਿੰਘ ਗਿੱਲ** ਦੀ ਯੋਗ ਅਗਵਾਈ ਅਧੀਨ ਖਿਡਾਰੀਆਂ ਨੇ ਹੇਠ ਲਿਖੀਆਂ ਪ੍ਰਾਪਤੀਆਂ ਕੀਤੀਆਂ:

**ਆਰਚਰੀ:**

ਇਸ ਸੈਸ਼ਨ ਦੌਰਾਨ ਕਾਲਜ ਦੇ ਆਰਚਰੀ ਦੇ ਹੋਣਹਾਰ ਖਿਡਾਰੀਆਂ ਪ੍ਰਨੀਤ ਕੌਰ, ਤਨੀਸ਼ਾ ਵਰਮਾ ਅਤੇ ਸੰਗਮਪ੍ਰੀਤ ਸਿੰਘ ਨੇ ਆਪਣੀ ਖੇਡ ਦਾ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਅੰਤਰਰਾਸ਼ਟਰੀ ਪੱਧਰ ’ਤੇ ਜਿੱਤਾਂ ਹਾਸਲ ਕੀਤੀਆਂ। **ਪ੍ਰਨੀਤ ਕੌਰ** ਨੇ ਸਾਲ 2023 ਵਿੱਚ ਆਇਰਲੈਂਡ ਵਿਖੇ ਹੋਏ **ਵਿਸ਼ਵ ਯੂਥ ਤੀਰਅੰਦਾਜ਼ੀ ਚੈਂਪੀਅਨਸ਼ਿਪ** ਵਿੱਚ **ਗੋਲਡ ਮੈਡਲ, ਬਰਲਿਨ (ਜਰਮਨੀ)** ਵਿਖੇ ਆਯੋਜਿਤ ਕੀਤੇ ਗਏ **ਵਿਸ਼ਵ ਤੀਰਅੰਦਾਜ਼ੀ ਚੈਂਪੀਅਨਸ਼ਿਪ** ਵਿੱਚ **ਗੋਲਡ ਮੈਡਲ, ਪੈਰਿਸ (ਫਰਾਂਸ)** ਵਿਖੇ ਆਯੋਜਿਤ ਕੀਤੇ ਗਏ **ਵਿਸ਼ਵ ਕੱਪ ਸਟੇਜ–4** ਵਿੱਚ **ਗੋਲਡ ਮੈਡਲ, ਚੀਨ** ਵਿਖੇ ਆਯੋਜਿਤ **ਏਸ਼ੀਅਨ ਗੇਮਜ਼** ਵਿੱਚ **ਗੋਲਡ ਮੈਡਲ, ਬੈਂਕਾਕ (ਥਾਈਲੈਂਡ)** ਵਿਖੇ ਆਯੋਜਿਤ **ਏਸ਼ੀਅਨ ਚੈਂਪੀਅਨਸ਼ਿਪ** ਵਿੱਚ **02 ਗੋਲਡ ਮੈਡਲ, ਰਾਜਸਥਾਨ** ਵਿਖੇ ਆਯੋਜਿਤ **43ਵੀਆਂ ਜੂਨੀਅਰ ਨੈਸ਼ਨਲ ਤੀਰਅੰਦਾਜ਼ੀ ਚੈਂਪੀਅਨਸ਼ਿਪ** ਵਿੱਚ **03 ਸਿਲਵਰ ਮੈਡਲ, ਪੰਜਾਬੀ ਯੂਨੀਵਰਸਿਟੀ ਪਟਿਆਲਾ** ਵਿਖੇ ਆਯੋਜਿਤ **ਆਲ–ਇੰਡੀਆ ਤੀਰਅੰਦਾਜ਼ੀ ਅੰਤਰ ਯੂਨੀ: ਚੈਂਪੀਅਨਸ਼ਿਪ** ਵਿੱਚ **02 ਗੋਲਡ, 01 ਸਿਲਵਰ ਮੈਡਲ,** 2024 ਵਿੱਚ **ਬਗਦਾਦ (ਇਰਾਕ)** ਵਿਖੇ **ਆਯੋਜਿਤ ਏਸ਼ੀਆ ਕੱਪ ਸਟੇਜ–**1 ਵਿੱਚ **02 ਗੋਲਡ ਮੈਡਲ, ਸ਼ੰਘਈ (ਚੀਨ)** ਵਿਖੇ ਆਯੋਜਿਤ **ਵਿਸ਼ਵ ਕੱਪ ਸਟੇਜ–**1 ਵਿੱਚ **ਗੋਲਡ ਮੈਡਲ, ਦੱਖਣੀ ਕੋਰੀਆ** ਵਿਖੇ ਆਯੋਜਿਤ **ਵਿਸ਼ਵ ਕੱਪ ਸਟੇਜ–2** ਵਿੱਚ **ਗੋਲਡ ਮੈਡਲ** ਅਤੇ **ਤੁਰਕੀ** ਵਿਖੇ ਆਯੋਜਿਤ **ਵਿਸ਼ਪ ਕੱਪ ਸਟੇਜ–**3 ਵਿੱਚ **ਗੋਲਡ ਮੈਡਲ** ਹਾਸਿਲ ਕਰਕੇ ਕਾਲਜ ਅਤੇ ਦੇਸ਼ ਦਾ ਨਾਂ ਅੰਤਰਰਾਸ਼ਟਰੀ ਪੱਧਰ ’ਤੇ ਰੋਸ਼ਨ ਕੀਤਾ।

**ਤਨੀਸ਼ਾ ਵਰਮਾ** ਨੇ ਸਾਲ 2023 ਵਿੱਚ **ਚੀਨ** ਵਿੱਚ ਆਯੋਜਿਤ **ਵਿਸ਼ਪ ਯੂਨੀਵਰਸਿਟੀ ਖੇਡਾਂ** ਵਿੱਚ **ਬਰਾਂਜ਼ ਮੈਡਲ, ਗੋਆ** ਵਿਖੇ ਆਯੋਜਿਤ **ਨੈਸ਼ਨਲ ਖੇਡਾਂ** ਵਿੱਚ **ਗੋਲਡ ਮੈਡਲ, ਅਯੁੱਧਿਆ** ਵਿਖੇ ਆਯੋਜਿਤ **ਸੀਨੀਅਰ ਨੈਸ਼ਨਲ ਚੈਂਪੀਅਨਸ਼ਿਪ** ਵਿੱਚ **ਸਿਲਵਰ ਮੈਡਲ, ਭਰਤਪੁਰ** ਵਿਖੇ ਆਯੋਜਿਤ **ਜੂਨੀਅਰ ਨੈਸ਼ਨਲ ਚੈਂਪੀਅਨਸ਼ਿਪ** ਵਿੱਚ **ਗੋਲਡ** ਅਤੇ **ਬਰਾਂਜ਼ ਮੈਡਲ, ਪੰਜਾਬੀ ਯੂਨੀਵਰਸਿਟੀ ਪਟਿਆਲਾ** ਵੱਲੋਂ ਆਯੋਜਿਤ **ਆਲ ਇੰਡੀਆ ਯੂਨੀ: ਚੈਂਪੀਅਨਸ਼ਿਪ** ਵਿੱਚ **ਚੌਥਾ ਰੈਂਕ**, ਸਾਲ 2024 ਵਿੱਚ **ਸ਼ਿਲੌਂਗ** ਵਿਖੇ ਆਯੋਜਿਤ **ਖੇਲੋ ਇੰਡੀਆ ਯੂਨੀਵਰਸਿਟੀ ਖੇਡਾਂ** ਵਿੱਚ **ਬਰਾਂਜ਼ ਮੈਡਲ, ਜੈਪੁਰ** ਵਿਖੇ ਆਯੋਜਿਤ **ਨੈਸ਼ਨਲ ਰੈਂਕਿੰਗ ਟੂਰਨਾਮੈਂਟ** ਵਿੱਚ **ਸਿਲਵਰ ਮੈਡਲ** ਹਾਸਿਲ ਕੀਤਾ ਅਤੇ **ਲਖਨਊ** ਵਿਖੇ ਆਯੋਜਿਤ **ਨੌਰਥ ਜ਼ੋਨ ਇੰਟਰ ਯੂਨੀਵਰਸਿਟੀ ਖੇਡਾਂ** ਵਿੱਚ **ਭਾਗ** ਲਿਆ।

**ਸੰਗਮਪ੍ਰੀਤ ਸਿੰਘ** ਨੇ ਸਾਲ 2023 ਵਿੱਚ **ਚੀਨ** ਵਿਖੇ ਹੋਈਆਂ **ਵਿਸ਼ਵ ਯੂਨੀਵਰਸਿਟੀ ਖੇਡਾਂ** ਵਿੱਚ **01 ਗੋਲਡ ਮੈਡਲ** ਅਤੇ **01 ਬਰਾਂਜ਼ ਮੈਡਲ**, **ਅਯੋਧਿਆ** ਵਿਖੇ ਆਯੋਜਿਤ **ਸੀਨੀਅਰ ਨੈਸ਼ਨਲ ਚੈਂਪੀਅਨਸ਼ਿਪ** ਵਿੱਚ **ਸਿਲਵਰ ਮੈਡਲ** ਅਤੇ **ਪੰਜਾਬੀ ਯੂਨੀਵਰਸਿਟੀ ਪਟਿਆਲਾ** ਵਿਖੇ ਆਯੋਜਿਤ **ਇੰਟਰ ਯੂਨੀ: ਚੈਂਪੀਅਨਸ਼ਿਪ** ਵਿਚੋਂ **01 ਗੋਲਡ** ਅਤੇ **01 ਸਿਲਵਰ ਮੈਡਲ** ਹਾਸਿਲ ਕੀਤਾ।

**ਰੋਇੰਗ:**

**ਗੁਰਪ੍ਰੀਤ ਸ਼ਾਹ** ਨੇ ਸਾਲ 2023 ਵਿੱਚ ਚੰਡੀਗੜ੍ਹ ਵਿਖੇ ਆਯੋਜਿਤ **ਆਲ ਇੰਡੀਆ ਯੂਨੀਵਰਸਿਟੀ ਖੇਡਾਂ** ਵਿੱਚ **02 ਸਿਲਵਰ ਮੈਡਲ**, ਚੰਡੀਗੜ੍ਹ ਵਿਖੇ ਆਯੋਜਿਤ **ਇੰਟਰ ਕਾਲਜ ਰੋਇੰਗ ਚੈਂਪੀਅਨਸ਼ਿਪ** ਵਿੱਚ **02 ਗੋਲਡ ਮੈਡਲ** ਅਤੇ **ਰੂਪਨਗਰ** ਵਿਖੇ ਆਯੋਜਿਤ **ਖੇਡਾਂ ਵਤਨ ਪੰਜਾਬ** ਵਿੱਚ **03 ਗੋਲਡ ਅਤੇ 01 ਸਿਲਵਰ ਮੈਡਲ** ਹਾਸਿਲ ਕੀਤਾ ਗਿਆ ਅਤੇ ਸਾਲ 2024 ਵਿੱਚ **ਨੀਦਰਲੈਂਡ** ਵਿਖੇ ਆਯੋਜਿਤ **ਵਿਸ਼ਵ ਯੂਨੀਵਰਸਿਟੀ ਖੇਡਾਂ** ਵਿੱਚ **ਭਾਗ** ਲਿਆ।

**ਪਰਿਆਸ਼ਪ੍ਰੀਤ ਸਿੰਘ** ਨੇ ਸਾਲ 2023 ਵਿੱਚ **ਚੰਡੀਗੜ੍ਹ** ਵਿਖੇ ਆਯੋਜਿਤ **ਆਲ ਇੰਡੀਆ ਇੰਟਰ ਯੂਨੀਵਰਸਿਟੀ ਖੇਡਾਂ** ਵਿੱਚ **02 ਸਿਲਵਰ ਮੈਡਲ**, **ਚੰਡੀਗੜ੍ਹ** ਵਿਖੇ ਆਯੋਜਿਤ **ਇੰਟਰ ਕਾਲਜ ਰੋਇੰਗ ਚੈਂਪੀਅਨਸ਼ਿਪ** ਵਿੱਚ **01 ਗੋਲਡ ਮੈਡਲ, 02 ਸਿਲਵਰ ਮੈਡਲ** ਅਤੇ **ਰੂਪਨਗਰ** ਵਿਖੇ ਆਯੋਜਿਤ **ਖੇਡਾਂ ਵਤਨ ਪੰਜਾਬ** ਵਿੱਚ **01 ਸਿਲਵਰ ਮੈਡਲ** ਅਤੇ **01 ਬਰਾਂਜ ਮੈਡਲ** ਹਾਸਿਲ ਕੀਤਾ ਅਤੇ ਸਾਲ 2024 ਵਿੱਚ **ਨੀਦਰਲੈਂਡ** ਵਿਖੇ ਆਯੋਜਿਤ **ਵਿਸ਼ਵ ਯੂਨੀਵਰਸਿਟੀ ਖੇਡਾਂ** ਵਿੱਚ **ਭਾਗ** ਲਿਆ।

ਗੁਰਵੀਰ ਸਿੰਘ ਨੇ ਸਾਲ 2023 ਵਿੱਚ ਆਯੋਜਿਤ **ਆਲ ਇੰਡੀਆ ਇੰਟਰ ਯੂਨੀਵਰਸਿਟੀ ਖੇਡਾਂ** ਵਿੱਚ ਸਿਲਵਰ ਮੈਡਲ, **ਚੰਡੀਗੜ੍ਹ** ਵਿਖੇ ਆਯੋਜਿਤ **ਇੰਟਰ ਕਾਲਜ ਰੋਇੰਗ ਚੈਂਪੀਅਨਸ਼ਿਪ** ਵਿੱਚ **ਗੋਲਡ ਮੈਡਲ** ਅਤੇ **ਰੂਪਨਗਰ** ਵਿਖੇ ਆਯੋਜਿਤ ਕੀਤੀਆਂ ਗਈਆਂ **ਖੇਡਾਂ ਵਤਨ ਪੰਜਾਬ** ਵਿੱਚ **01 ਸਿਲਵਰ ਮੈਡਲ** ਅਤੇ **ਬਰਾਂਜ ਮੈਡਲ** ਹਾਸਿਲ ਕੀਤਾ।

**ਜਸ਼ਨਦੀਪ ਸਿੰਘ** ਨੇ ਸਾਲ 2023 ਵਿੱਚ **ਚੰਡੀਗੜ੍ਹ** ਵਿਖੇ ਆਯੋਜਿਤ **ਆਲ ਇੰਡੀਆ ਇੰਟਰ ਯੂਨੀਵਰਸਿਟੀ ਖੇਡਾਂ** ਵਿੱਚ **ਸਿਲਵਰ ਮੈਡਲ**, **ਚੰਡੀਗੜ੍ਹ** ਵਿਖੇ ਆਯੋਜਿਤ **ਇੰਟਰ ਕਾਲਜ ਰੋਇੰਗ ਚੈਂਪੀਅਨਸ਼ਿਪ** ਵਿੱਚ **ਗੋਲਡ ਮੈਡਲ** ਅਤੇ **ਰੂਪਨਗਰ** ਵਿਖੇ ਆਯੋਜਿਤ **ਖੇਡਾਂ ਵਤਨ ਪੰਜਾਬ** ਵਿੱਚ **ਗੋਲਡ ਮੈਡਲ, ਸਿਲਵਰ ਮੈਡਲ** ਅਤੇ **ਬਰਾਂਜ ਮੈਡਲ** ਹਾਸਿਲ ਕੀਤਾ।

**ਜਸਕਰਨ ਸਿੰਘ** ਨੇ ਸਾਲ 2023 ਵਿੱਚ ਆਯੋਜਿਤ **ਇੰਟਰ ਕਾਲਜ ਰੋਇੰਗ ਚੈਂਪੀਅਨਸ਼ਿਪ** ਵਿੱਚ **ਸਿਲਵਰ ਮੈਡਲ** ਹਾਸਿਲ ਕੀਤਾ।

**ਬੌਕਸਿੰਗ:**

**ਰਵਿੰਦਰਾ ਸਿੰਘ** ਨੇ ਸਾਲ 2023 ਵਿੱਚ **ਬਠਿੰਡਾ** ਵਿਖੇ ਆਯੋਜਿਤ **ਖੇਡਾਂ ਵਤਨ ਪੰਜਾਬ** ਵਿੱਚ **ਬਰਾਂਜ਼ ਮੈਡਲ** ਅਤੇ **ਮਲੇਰਕੋਟਲਾ (ਪੰਜਾਬ)** ਵਿਖੇ ਆਯੋਜਿਤ **ਇੰਟਰ ਕਾਲਜ ਬੌਕਸਿੰਗ ਚੈਂਪੀਅਨਸ਼ਿਪ** ਵਿੱਚ **ਗੋਲਡ ਮੈਡਲ** ਹਾਸਿਲ ਕੀਤਾ।

**ਇਮਾਨਦੀਪ ਸਿੰਘ** ਨੇ ਸਾਲ 2023 ਵਿੱਚ ਬਠਿੰਡਾ ਵਿਖੇ ਆਯੋਜਿਤ **ਖੇਡਾਂ ਵਤਨ ਪੰਜਾਬ** ਵਿੱਚ **ਗੋਲਡ ਮੈਡਲ** ਅਤੇ **ਮਲੇਰਕੋਟਲਾ (ਪੰਜਾਬ)** ਵਿਖੇ ਆਯੋਜਿਤ **ਇੰਟਰ ਕਾਲਜ ਬੌਕਸਿੰਗ ਚੈਂਪੀਅਨਸ਼ਿਪ** ਵਿੱਚ **ਗੋਲਡ ਮੈਡਲ** ਹਾਸਿਲ ਕੀਤਾ।

**ਅਮਰਿੰਦਰ ਸਿੰਘ** ਨੇ ਸਾਲ 2023 ਵਿੱਚ ਬਠਿੰਡਾ ਵਿਖੇ ਆਯੋਜਿਤ **ਖੇਡਾਂ ਵਤਨ ਪੰਜਾਬ** ਵਿੱਚ **ਗੋਲਡ ਮੈਡਲ** ਅਤੇ **ਮਲੇਰਕੋਟਲਾ (ਪੰਜਾਬ)** ਵਿਖੇ ਆਯੋਜਿਤ **ਇੰਟਰ ਕਾਲਜ ਬੌਕਸਿੰਗ ਚੈਂਪੀਅਨਸ਼ਿਪ** ਵਿੱਚ **ਗੋਲਡ ਮੈਡਲ** ਹਾਸਿਲ ਕੀਤਾ।

**ਸ਼ਾਨਦੀਪ ਕੌਰ** ਨੇ ਸਾਲ 2023 ਵਿੱਚ **ਮਲੇਰਕੋਟਲਾ, ਪੰਜਾਬ** ਵਿਖੇ ਆਯੋਜਿਤ **ਇੰਟਰ ਕਾਲਜ ਬੌਕਸਿੰਗ ਚੈਂਪੀਅਨਸ਼ਿਪ** ਵਿੱਚ **ਗੋਲਡ ਮੈਡਲ** ਹਾਸਿਲ ਕੀਤਾ।

**ਵਾਲੀਬਾਲ (ਲੜਕੀਆਂ):**

**ਮੰਨਤ ਮੋਕਟਾ, ਜੋਤਿਕਾ, ਪ੍ਰਿਆ ਸ਼ਰਮਾ, ਸ਼ਵੇਤਾ, ਰੀਆ** ਅਤੇ **ਇੰਦਰਾ** ਨੇ 2023-24 ਦੀਆਂ **ਜੰਮੂ ਕਸ਼ਮੀਰ** ਵਿਖੇ ਆਯੋਜਿਤ **ਨਾਰਥ ਜ਼ੋਨ ਇੰਟਰ ਯੂਨੀਵਰਸਿਟੀ ਖੇਡਾਂ** ਵਿੱਚ **ਗੋਲਡ ਮੈਡਲ** ਹਾਸਲ ਕੀਤਾ। **ਪੰਜਾਬੀ ਯੂਨੀਵਰਸਿਟੀ, ਪਟਿਆਲਾ** ਵਿਖੇ ਆਯੋਜਿਤ **ਇੰਟਰ ਕਾਲਜ ਵਾਲੀਬਾਲ ਚੈਂਪੀਅਨਸ਼ਿਪ** ਵਿੱਚ **ਮੰਨਤ ਮੋਕਟਾ, ਜੋਤਿਕਾ, ਪ੍ਰਿਆ ਸ਼ਰਮਾ, ਸ਼ਵੇਤਾ, ਰੀਆ, ਇੰਦਰਾ, ਸਪਨਾ, ਸ਼ਰੂਤੀ, ਦਿਵਿਯਾ** ਅਤੇ **ਗੋਰਿਕਾ** ਨੇ **ਸਿਲਵਰ ਮੈਡਲ** ਹਾਸਿਲ ਕੀਤਾ।

**ਗੱਤਕਾ:**

**ਤੇਜਪ੍ਰਤਾਪ ਸਿੰਘ** ਨੇ ਸਾਲ 2023 ਵਿੱਚ **ਬਠਿੰਡਾ** ਵਿਖੇ ਆਯੋਜਿਤ **ਇੰਟਰ ਕਾਲਜ ਗੱਤਕਾ ਚੈਂਪੀਅਨਸ਼ਿਪ** ਵਿੱਚ **ਗੋਲਡ ਮੈਡਲ** ਅਤੇ ਸਾਲ 2024 ਵਿੱਚ **ਭੋਪਾਲ** ਵਿਖੇ ਆਯੋਜਿਤ **ਇੰਟਰ ਯੂਨੀਵਰਸਿਟੀ ਚੈਂਪੀਅਨਸ਼ਿਪ** ਵਿੱਚ **ਗੋਲਡ ਮੈਡਲ** ਹਾਸਿਲ ਕੀਤਾ।

**ਅਨਮੋਲਪ੍ਰੀਤ ਸਿੰਘ** ਨੇ ਸਾਲ 2023 ਵਿੱਚ **ਬਠਿੰਡਾ** ਵਿਖੇ ਆਯੋਜਿਤ **ਇੰਟਰ ਕਾਲਜ ਗੱਤਕਾ ਚੈਂਪੀਅਨਸ਼ਿਪ** ਵਿੱਚ **ਗੋਲਡ ਮੈਡਲ** ਅਤੇ ਸਾਲ 2024 ਵਿੱਚ **ਭੋਪਾਲ** ਵਿਖੇ ਆਯੋਜਿਤ **ਇੰਟਰ ਯੂਨੀਵਰਸਿਟੀ ਚੈਂਪੀਅਨਸ਼ਿਪ** ਵਿੱਚ **ਗੋਲਡ ਮੈਡਲ** ਹਾਸਿਲ ਕੀਤਾ।

**ਗੁਰਪਾਲ ਸਿੰਘ** ਨੇ ਸਾਲ 2023 ਵਿੱਚ **ਬਠਿੰਡਾ** ਵਿਖੇ ਆਯੋਜਿਤ **ਇੰਟਰ ਕਾਲਜ ਗੱਤਕਾ ਚੈਂਪੀਅਨਸ਼ਿਪ** ਵਿੱਚ **ਗੋਲਡ ਮੈਡਲ** ਅਤੇ ਸਾਲ 2024 ਵਿੱਚ **ਭੋਪਾਲ** ਵਿਖੇ ਆਯੋਜਿਤ **ਇੰਟਰ ਯੂਨੀਵਰਸਿਟੀ ਚੈਂਪੀਅਨਸ਼ਿਪ** ਵਿੱਚ **ਸਿਲਵਰ ਮੈਡਲ** ਹਾਸਿਲ ਕੀਤਾ।

**ਸੁਖਚੈਨ ਸਿੰਘ** ਨੇ ਸਾਲ 2023 ਵਿੱਚ **ਬਠਿੰਡਾ** ਵਿਖੇ ਆਯੋਜਿਤ **ਇੰਟਰ ਕਾਲਜ ਗੱਤਕਾ ਚੈਂਪੀਅਨਸ਼ਿਪ** ਵਿੱਚ **ਗੋਲਡ ਮੈਡਲ**ਸਾਲ 2024 ਵਿੱਚ **ਭੋਪਾਲ** ਵਿਖੇ ਆਯੋਜਿਤ **ਇੰਟਰ ਯੂਨੀਵਰਸਿਟੀ ਚੈਂਪੀਅਨਸ਼ਿਪ** ਵਿੱਚ **ਸਿਲਵਰ ਮੈਡਲ** ਹਾਸਿਲ ਕੀਤਾ।

**ਅੰਗਦਜੋਤ ਸਿੰਘ** ਨੇ ਸਾਲ 2023 ਵਿੱਚ **ਬਠਿੰਡਾ** ਵਿਖੇ ਆਯੋਜਿਤ **ਇੰਟਰ ਕਾਲਜ ਗੱਤਕਾ ਚੈਂਪੀਅਨਸ਼ਿਪ** ਵਿੱਚ **ਗੋਲਡ ਮੈਡਲ** ਅਤੇ ਸਾਲ 2024 ਵਿੱਚ **ਭੋਪਾਲ** ਵਿਖੇ ਆਯੋਜਿਤ **ਇੰਟਰ ਯੂਨੀਵਰਸਿਟੀ ਚੈਂਪੀਅਨਸ਼ਿਪ** ਵਿੱਚ **ਸਿਲਵਰ ਮੈਡਲ** ਹਾਸਿਲ ਕੀਤਾ।

**ਕੁਲਵਿੰਦਰ ਕੌਰ** ਨੇ ਸਾਲ 2024 ਵਿੱਚ **ਭੋਪਾਲ** ਵਿਖੇ ਆਯੋਜਿਤ **ਇੰਟਰ ਯੂਨੀਵਰਸਿਟੀ ਚੈਂਪੀਅਨਸ਼ਿਪ** ਵਿੱਚ **ਗੋਲਡ ਮੈਡਲ** ਹਾਸਿਲ ਕੀਤਾ।

**ਗੁਰਹਰਦਿੱਤ ਕੌਰ** ਨੇ ਸਾਲ 2024 ਵਿੱਚ **ਭੋਪਾਲ** ਵਿਖੇ ਆਯੋਜਿਤ **ਇੰਟਰ ਯੂਨੀਵਰਸਿਟੀ ਚੈਂਪੀਅਨਸ਼ਿਪ** ਵਿੱਚ **ਬਰਾਂਜ਼ ਮੈਡਲ** ਹਾਸਿਲ ਕੀਤਾ।

**ਹਾਕੀ (ਲੜਕੀਆਂ):**

**ਹਰਪ੍ਰੀਤ ਕੌਰ, ਅਰਸ਼ਪ੍ਰੀਤ ਕੌਰ, ਸ਼ਾਲਿਕਾ, ਦੀਪਾਲੀ, ਆਰਤੀ, ਪ੍ਰਿਯੰਕਾ, ਪ੍ਰਿਯੰਕਾ ਡੋਗਰਾ, ਦਕਸ਼ਿਤਾ ਯਾਦਵ** ਅਤੇ **ਤਰਨਪ੍ਰੀਤ ਕੌਰ** ਨੇ ਸਾਲ 2024 ਵਿੱਚ **ਮਹਾਰਾਸ਼ਟਰਾ** ਵਿਖੇ ਆਯੋਜਿਤ **ਇੰਟਰ ਯੂਨੀਵਰਸਿਟੀ ਹਾਕੀ ਚੈਂਪੀਅਨਸ਼ਿਪ** ਵਿੱਚ **ਬਰਾਂਜ਼ ਮੈਡਲ** ਹਾਸਿਲ ਕੀਤਾ।

**ਹੈਂਡਬਾਲ (ਲੜਕੇ):**

**ਮਨਦੀਪ** ਨੇ ਸਾਲ 2024 ਵਿੱਚ **ਸਪੇਨ** ਵਿਖੇ ਆਯੋਜਿਤ **ਵਿਸ਼ਵ ਯੂਨੀਵਰਸਿਟੀ ਚੈਂਪੀਅਨਸ਼ਿਪ** ਵਿੱਚ **ਹਿੱਸਾ** ਲਿਆ। **ਰੋਹਿਤ, ਸੰਜੀਵ ਸ਼ਰਮਾ, ਮੋਹਿਤ ਸਿੰਘ, ਮਨਦੀਪ, ਦੀਪਕ, ਸਮੀਰ ਮੁਹਮੰਦ, ਬਿਕਰਮ ਸਿੰਘ, ਰੋਹਿਤ, ਨਦੀਮ, ਕੁਰੈਸ਼ੀ, ਅਰਜੁਨ, ਕਮਲਪ੍ਰੀਤ ਸਿੰਘ** ਅਤੇ **ਅਮਨ ਮਾਲਿਕ** ਨੇ **ਬਠਿੰਡਾ** ਵਿਖੇ ਆਯੋਜਿਤ **ਨਾਰਥ ਜ਼ੋਨ ਇੰਟਰ ਯੂਨੀ. ਹੈਂਡਬਾਲ ਚੈਂਪੀਅਨਸ਼ਿਪ** ਵਿੱਚ **ਸਿਲਵਰ ਮੈਡਲ** ਹਾਸਿਲ ਕੀਤਾ।

## 42. ਸਕੂਲ ਆਫ਼ ਕਾਮਰਸ ਐਂਡ ਮੈਨੇਜਮੈਂਟ:

ਵਿਭਾਗ ਦੇ ਮੁਖੀ **ਡਾ. ਜਸਲੀਨ ਕੌਰ** ਦੇ ਯਤਨਾਂ ਸਦਕਾ ਵਿਭਾਗ ਵੱਲੋਂ ਵੱਖ-ਵੱਖ ਤਰ੍ਹਾਂ ਦੀਆਂ ਗਤੀਗਿਵਧੀਆਂ ਕਰਵਾਈਆਂ ਗਈਆਂ।

ਮਿਤੀ 08 ਅਗਸਤ 2023 ਨੂੰ ਵਿਭਾਗ ਵੱਲੋਂ ਵਿਦਿਆਰਥੀਆਂ ਅੰਦਰ ਕੋਰਸ ਦੇ ਉਦੇਸ਼ਾਂ, ਕੋਰਸ ਸਿੱਖਣ ਦੇ ਉਦੇਸ਼ ਅਤੇ ਨਤੀਜਿਆਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ **ਕਾਊਂਸਲਿੰਗ ਸੈਸ਼ਨ** ਦਾ ਆਯੋਜਨ ਕੀਤਾ ਗਿਆ।

ਮਿਤੀ 21 ਅਗਸਤ 2023 ਨੂੰ ਵਿਦਿਆਰਥੀਆਂ ਲਈ ਚੱਲ ਰਹੇ ਸੈਸ਼ਨ ਦੀ ਇੱਕ ਸ਼ਾਨਦਾਰ ਯਾਤਰਾ 'ਤੇ ਉਨ੍ਹਾਂ ਦਾ ਸੁਆਗਤ ਕਰਨ ਲਈ **Ice Breaking Session** ਦਾ ਆਯੋਜਨ ਕੀਤਾ ਗਿਆ।

ਮਿਤੀ 29 ਅਗਸਤ 2023 ਨੂੰ ਬੀ.ਕਾਮ. ਭਾਗ ਪਹਿਲਾ ਦੇ ਨਵੇਂ ਦਾਖ਼ਲ ਹੋਏ ਵਿਦਿਆਰਥੀਆਂ ਲਈ **ਸਟੂਡੈਂਟ ਇੰਡਕਸ਼ਨ ਪ੍ਰੋਗਰਾਮ** ਆਯੋਜਿਤ ਕੀਤਾ ਗਿਆ।

ਮਿਤੀ 01 ਸਤੰਬਰ 2023 ਨੂੰ ਐਮ.ਕਾਮ. ਭਾਗ ਪਹਿਲਾ ਅਤੇ ਬੀ.ਕਾਮ. ਆਨਰਜ਼ ਭਾਗ ਪਹਿਲਾ ਦੇ ਵਿਦਿਆਰਥੀਆਂ ਲਈ **ਸਟੂਡੈਂਟ ਇੰਡਕਸ਼ਨ ਪ੍ਰੋਗਰਾਮ** ਆਯੋਜਿਤ ਕੀਤਾ ਗਿਆ।

ਮਿਤੀ 08 ਸਤੰਬਰ 2023 ਨੂੰ ਵਿਭਾਗ ਦੇ ਡਿਵਨਿਟੀ ਕਲੱਬ ਵੱਲੋਂ ਹਿੰਦੀ ਅਤੇ ਹੋਰ ਭਾਸ਼ਾਵਾਂ ਵਿਭਾਗ ਦੇ ਸਹਿਯੋਗ ਨਾਲ ਵਿਦਿਆਰਥੀਆਂ ਦੇ ਭਗਵਾਨ ਕ੍ਰਿਸ਼ਨ ਜੀ ਦੇ ਪ੍ਰਾਚੀਨ ਮੰਦਰ **ਮੋਦੀ ਮੰਦਰ ਪਟਿਆਲਾ** ਦੇ ਦੌਰੇ ਦਾ ਆਯੋਜਨ ਕੀਤਾ ਗਿਆ।

ਮਿਤੀ 11 ਸਤੰਬਰ 2023 ਨੂੰ ਵਿਭਾਗ ਵੱਲੋਂ ਐਮ.ਕਾਮ.ਭਾਗ ਪਹਿਲਾ ਦੇ ਵਿਦਿਆਰਥੀਆਂ ਲਈ **ਮੁਨਾਫ਼ਾ ਬਨਾਮ ਵੈਲਥ ਅਧਿਕਤਮੀਕਰਨ** ਦੇ ਵਿਸ਼ੇ 'ਤੇ ਬੌਧਿਕ ਤੌਰ 'ਤੇ ਚਾਰਜਿੰਗ ਈਵੈਂਟ ਆਯੋਜਿਤ ਕੀਤਾ ਗਿਆ।

ਮਿਤੀ 14 ਸਤੰਬਰ 2023 ਨੂੰ ਐਮ.ਬੀ.ਏ. ਭਾਗ ਪਹਿਲਾ ਅਤੇ ਬੀ.ਬੀ.ਏ. ਭਾਗ ਪਹਿਲਾ ਦੇ ਵਿਦਿਆਰਥੀਆਂ ਲਈ **ਸਟੂਡੈਂਟ ਇੰਡਕਸ਼ਨ ਪ੍ਰੋਗਰਾਮ** ਆਯੋਜਿਤ ਕੀਤਾ ਗਿਆ।

ਮਿਤੀ 15 ਸਤੰਬਰ 2023 ਨੂੰ ਵਿਭਾਗ ਦੇ ਡਿਵਨਿਟੀ ਕਲੱਬ ਵੱਲੋਂ ਸਸਟੇਨੇਬਲ ਲਿਵਿੰਗ ਥੀਮ 'ਤੇ ਅਰਥ ਫੈਸਟ-2023 ਵਿਸ਼ੇ 'ਤੇ **ਪ੍ਰੈਕਟੀਕਲ ਲਰਨਿੰਗ ਪ੍ਰੋਗਰਾਮ** ਆਯੋਜਿਤ ਕੀਤਾ ਗਿਆ।

ਮਿਤੀ 27 ਅਕਤੂਬਰ 2023 ਨੂੰ ਵਿਭਾਗ ਦੇ ਡਿਵਨਿਟੀ ਕਲੱਬ ਵੱਲੋਂ **ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ ਨੂੰ ਪ੍ਰਚਾਰ** ਕਰਨ ਹਿੱਤ **ਕਿਰਤ ਕਰੋ, ਨਾਮ ਜਪੋ, ਵੰਡ ਛਕੋ** ਨਾਂ ਦੀ ਗਤੀਵਿਧੀ ਦਾ ਆਯੋਜਨ ਕੀਤਾ ਗਿਆ।

ਮਿਤੀ 07 ਨਵੰਬਰ 2023 ਨੂੰ **ਮਾਤਾ ਖੀਵੀ ਓਲਡ ਏਜ ਹੋਮ, ਪਟਿਆਲਾ** ਵਿਖੇ ਵਿਦਿਆਰਥੀਆਂ ਦੇ **ਦੌਰੇ** ਦਾ ਆਯੋਜਨ ਕੀਤਾ ਗਿਆ।

ਮਿਤੀ 01 ਦਸੰਬਰ 2023 ਨੂੰ **ਖੇਤੀ ਲੇਖਾਕਾਰੀ ਵਿੱਚ ਵੈਲਯੂ ਐਡਿਡ ਸਰਟੀਫਿਕੇਟ ਕੋਰਸ ਦੀ ਪੇਸ਼ਕਸ਼** ਦੇ ਸੰਦਰਭ ਵਿੱਚ ਖੇਤੀਬਾੜੀ ਕੇਂਦਰ ਧਬਲਾਨ ਦੇ **ਦੌਰੇ** ਦਾ ਆਯੋਜਨ ਕੀਤਾ ਗਿਆ।

ਮਿਤੀ 19 ਦਸੰਬਰ 2023 ਨੂੰ ਵਿਭਾਗ ਦੇ ਡਿਵਨਿਟੀ ਕਲੱਬ ਵੱਲੋਂ ਲੋੜਵੰਦ ਲੋਕਾਂ ਨੂੰ ਸਰਦੀ ਤੋਂ ਰਾਹਤ ਪ੍ਰਦਾਨ ਕਰਨ ਹਿੱਤ ਗਰਮ ਕੱਪੜੇ ਵੰਡ ਕੇ **The Warmth Campain** ਦਾ ਆਯੋਜਨ ਕੀਤਾ ਗਿਆ।

ਮਿਤੀ 01 ਫ਼ਰਵਰੀ 2024 ਨੂੰ **ਕੇਂਦਰੀ ਬਜਟ ਦੀ ਲਾਈਵ ਸਕ੍ਰੀਨਿੰਗ** ਦਾ ਆਯੋਜਨ ਕੀਤਾ ਗਿਆ।

ਮਿਤੀ 18 ਮਾਰਚ 2024 ਨੂੰ ਵਿਭਾਗ ਦੇ ਡਿਵਨਿਟੀ ਕਲੱਬ ਵੱਲੋਂ ਵਿਦਿਆਰਥੀਆਂ ਨੂੰ ਦੇਸ਼ ਅੰਦਰ ਸਭ ਤੋਂ ਤਾਜ਼ਾ ਘਟਨਾਵਾਂ ਅਤੇ ਵਿਕਾਸ ਬਾਰੇ ਦੱਸਣ ਲਈ ਮੌਜੂਦਾ ਮਾਮਲਿਆਂ ਦੇ ਸੈਸ਼ਨ **ਭਾਰਤ –ਇੱਕ ਗਤੀਸ਼ੀਲ ਲੋਕਤੰਤਰ** ਗਤੀਵਿਧੀ ਦਾ ਆਯੋਜਨ ਕੀਤਾ ਗਿਆ।

ਮਿਤੀ 18 ਮਾਰਚ 2024 ਨੂੰ ਵਿਭਾਗ ਵੱਲੋਂ **ਸਪ੍ਰਿੰਗਸਪ੍ਰੀ ਫੈਸਟ 2024** ਦੀਆਂ ਗਤੀਵਿਧੀਆਂ ਤਹਿਤ **ਕੁਇਜ਼ ਟਾਈਮ** ਗਤੀਵਿਧੀ ਦਾ ਆਯੋਜਨ ਕੀਤਾ ਗਿਆ।

ਮਿਤੀ 18 ਮਾਰਚ 2024 ਨੂੰ ਵਿਭਾਗ ਵੱਲੋਂ **ਸਪ੍ਰਿੰਗਸਪ੍ਰੀ ਫੈਸਟ 2024** ਦੀਆਂ ਗਤੀਵਿਧੀਆਂ ਤਹਿਤ **ਗਾਰਡਨ ਗਾਲਾ** ਗਤੀਵਿਧੀ ਦਾ ਆਯੋਜਨ ਕੀਤਾ ਗਿਆ।

ਮਿਤੀ 19 ਮਾਰਚ 2024 ਨੂੰ ਵਿਭਾਗ ਵੱਲੋਂ **ਸਪ੍ਰਿੰਗਸਪ੍ਰੀ ਫੈਸਟ 2024** ਦੀਆਂ ਗਤੀਵਿਧੀਆਂ ਤਹਿਤ **ਬੁੱਕ ਕਵਰ ਅਤੇ ਬੁੱਕ ਟਾਈਟਲ ਡਿਜ਼ਾਇਨ ਕਰੋ** ਮੁਕਾਬਲੇ ਦਾ ਆਯੋਜਨ ਕੀਤਾ ਗਿਆ।

ਮਿਤੀ 19 ਮਾਰਚ 2024 ਨੂੰ ਵਿਭਾਗ ਵੱਲੋਂ **ਸਪ੍ਰਿੰਗਸਪ੍ਰੀ ਫੈਸਟ 2024** ਦੀਆਂ ਗਤੀਵਿਧੀਆਂ ਤਹਿਤ **ਟ੍ਰੇਯਅਰ ਹੰਟ ਅਨਲੌਕਿੰਗ ਕਾਮਰਸ ਕ੍ਰਿਏਟੀਵਿਟੀ** ਈਵੈਂਟ ਦਾ ਆਯੋਜਨ ਕੀਤਾ ਗਿਆ।

ਮਿਤੀ 19 ਮਾਰਚ 2024 ਨੂੰ ਵਿਭਾਗ ਵੱਲੋਂ **ਸਪ੍ਰਿੰਗਸਪ੍ਰੀ ਫੈਸਟ 2024** ਦੀਆਂ ਗਤੀਵਿਧੀਆਂ ਤਹਿਤ **ਉੱਦਮੀ ਭਾਵਨਾ** ਗਤੀਵਿਧੀ ਦਾ ਆਯੋਜਨ ਕੀਤਾ ਗਿਆ।

ਮਿਤੀ 19 ਮਾਰਚ 2024 ਨੂੰ ਵਿਭਾਗ ਵੱਲੋਂ ਸਪ੍ਰਿੰਗਸਪ੍ਰੀ ਫੈਸਟ 2024 ਦੀਆਂ ਗਤੀਵਿਧੀਆਂ ਤਹਿਤ **ਸੁਤਰੰਜ ਮਾਸਟਰਜ਼** ਗਤੀਵਿਧੀ ਦਾ ਆਯੋਜਨ ਕੀਤਾ ਗਿਆ।

ਮਿਤੀ 20 ਮਾਰਚ 2024 ਨੂੰ ਵਿਭਾਗ ਵੱਲੋਂ **ਸਪ੍ਰਿੰਗਸਪ੍ਰੀ ਫੈਸਟ 2024** ਦੀਆਂ ਗਤੀਵਿਧੀਆਂ ਤਹਿਤ ਵਿਦਿਆਰਥੀਆਂ ਅੰਦਰ ਰਚਨਾਤਮਕਤਾ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਹਿੱਤ **ਸਕਿੱਟ ਸ਼ੋਅਕੇਸ ਅਤੇ ਸੋਲੋ ਐਕਟ** ਗਤੀਵਿਧੀ ਦਾ ਆਯੋਜਨ ਕੀਤਾ ਗਿਆ।

ਮਿਤੀ 22 ਮਾਰਚ 2024 ਨੂੰ ਵਿਭਾਗ ਵੱਲੋਂ ਸਾਲਾਨਾ ਤਿਉਹਾਰ **ਸਪ੍ਰਿੰਗਸਪ੍ਰੀ ਫੈਸਟ 2024** ਦਾ ਆਯੋਜਨ ਕੀਤਾ ਗਿਆ।

ਮਿਤੀ 10-15 ਅਪ੍ਰੈਲ 2024 ਨੂੰ ਵਿਭਾਗ ਵੱਲੋਂ ਦੁਬਈ ਦੀ ਸਨਰਜੀ ਯੂਨੀਵਰਸਿਟੀ ਵਿੱਚ **ਸੰਚਾਰ ਅਤੇ ਤਬਦੀਲੀ ਪ੍ਰਬੰਧਨ 'ਤੇ ਸਮਰੱਥਾ ਨਿਰਮਾਣ ਸਿਖਲਾਈ** ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ।

ਮਿਤੀ 12 ਅਪ੍ਰੈਲ 2024 ਨੂੰ ਵਿਭਾਗ ਵੱਲੋਂ ਵਿਦਿਆਰਥੀਆਂ ਦੀ **ਕਸੌਲੀ** ਵਿਖੇ **ਵਿੱਦਿਅਕ ਯਾਤਰਾ** ਕਰਵਾਈ ਗਈ।

ਮਿਤੀ 16 ਅਪ੍ਰੈਲ 2024 ਨੂੰ ਵਿਭਾਗ ਵੱਲੋਂ **ਰੀਮਿਨਿਸੈਂਸ 2024** ਦੀ ਮੇਜ਼ਬਾਨੀ ਕੀਤੀ ਗਈ ਜਿਸ ਤਹਿਤ ਐੱਮ.ਕਾਮ. ਭਾਗ ਦੂਜਾ ਦੇ ਵਿਦਿਆਰਥੀਆਂ ਨੇ ਅੰਡਰ ਗ੍ਰੈਜੂਏਸ਼ਨ ਦੇ ਅਖੀਰਲੇ ਸਾਲ ਦੇ ਵਿਦਿਆਰਥੀਆਂ ਨਾਲ ਆਪਣੇ **ਕਾਲਜ ਦੇ ਅਨੁਭਵਾਂ** ਨੂੰ ਸਾਂਝਾ ਕੀਤਾ।

ਮਿਤੀ 30 ਅਪ੍ਰੈਲ 2024 ਨੂੰ ਇਸ ਸਕੂਲ ਦੁਆਰਾ ਪ੍ਰਿੰਸੀਪਲ **ਡਾ. ਧਰਮਿੰਦਰ ਸਿੰਘ ਉੱਭਾ** ਨੇ ਸਾਰੀਆਂ ਕਲਾਸ ਦੇ ਨੁਮਾਇੰਦਿਆਂ ਅਤੇ ਵਿਭਾਗ ਦੇ ਅਹੁਦੇਦਾਰਾਂ ਨਾਲ ਪ੍ਰੇਰਣਾਦਾਇਕ ਜਾਣਕਾਰੀ ਸਾਂਝੀ ਕੀਤੀ ਗਈ।

ਵਿਭਾਗ ਵੱਲੋਂ **04 ਵਰਕਸ਼ਾਪ** ਲਗਾਈਆਂ ਗਈਆਂ।

ਵਿਭਾਗ ਵੱਲੋਂ **02 ਸੈਮੀਨਾਰ** ਕਰਵਾਏ ਗਏ।

ਵਿਭਾਗ ਵੱਲੋਂ **01 ਲੈਕਚਰ** ਕਰਵਾਇਆ ਗਿਆ।

## 43. ਪੋਸਟ ਗ੍ਰੈਜੂਏਟ ਕੰਪਿਊਟਰ ਸਾਇੰਸ ਵਿਭਾਗ ਅਤੇ ਕੰਪਿਊਟੋਨਿਕਸ ਕਲੱਬ:

ਵਿਭਾਗ ਦੇ ਸਾਬਕਾ ਮੁਖੀ **ਪ੍ਰੋ. ਸੁਖਮੀਨ ਕੌਰ**, ਵਰਤਮਾਨ ਮੁਖੀ **ਡਾ. ਵਿਕਰਮ ਗੁਪਤਾ** ਅਤੇ ਕਲੱਬ ਦੇ ਕਨਵੀਨਰ **ਪ੍ਰੋ. ਇੰਦਰਬੀਰ ਕੌਰ** ਦੇ ਯਤਨਾਂ ਸਦਕਾ ਵਿਭਾਗ ਵੱਲੋਂ 06 ਸਤੰਬਰ 2023 ਨੂੰ **Human Kind and Technology** ਵਿਸ਼ੇ 'ਤੇ **Interaction Session** ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ **ਡਾ. ਧਰਮਿੰਦਰ ਸਿੰਘ ਉੱਭਾ** ਵਿਦਿਆਰਥੀਆਂ ਨੂੰ ਸੰਬੋਧਿਤ ਹੋਏ।

ਮਿਤੀ 12 ਸਤੰਬਰ 2023 ਨੂੰ **Student Induction Programme** ਦਾ ਆਯੋਜਨ ਕੀਤਾ ਗਿਆ।

ਮਿਤੀ 15 ਜਨਵਰੀ 2024 ਨੂੰ ਵਿਭਾਗ ਦੇ ਵਿਦਿਆਰਥੀਆਂ ਅਤੇ ਅਧਿਆਪਕ ਸਾਹਿਬਾਨ ਵੱਲੋਂ **ਬਿਰਧ ਆਸ਼ਰਮ ਪਟਿਆਲਾ** ਵਿਖੇ ਲੋੜਵੰਦਾਂ ਨੂੰ **ਕੰਬਲ, ਫ਼ਲ ਅਤੇ ਹੋਰ ਲੋੜੀਂਦੀਆਂ ਵਸਤੂਆਂ** ਵੰਡੀਆਂ ਗਈਆਂ।

ਮਿਤੀ 18 ਅਪ੍ਰੈਲ 2024 ਨੂੰ ਵਿਦਿਆਰਥੀਆਂ ਦਾ **ਕਸੌਲੀ** ਵਿਖੇ **ਵਿਦਿਅਕ ਦੌਰਾ** ਲੈਜਾਇਆ ਗਿਆ।

ਵਿਭਾਗ ਵੱਲੋਂ **01 ਲੈਕਚਰ** ਕਰਵਾਇਆ ਗਿਆ।

ਵਿਭਾਗ ਵੱਲੋਂ **01 ਵਰਕਸ਼ਾਪ** ਲਗਾਈ ਗਈ।

## 44. ਕੈਮਿਸਟਰੀ ਵਿਭਾਗ:

ਵਿਭਾਗ ਦੇ ਮੁਖੀ **ਡਾ. ਅੰਜੂ ਖੁੱਲਰ** ਦੇ ਯਤਨਾਂ ਸਦਕਾ ਮਿਤੀ 12 ਅਗਸਤ 2023 ਨੂੰ ਮੈਡੀਕਲ, ਅਤੇ ਨਾਨ-ਮੈਡੀਕਲ ਦੇ ਪਹਿਲੇ ਸਾਲ ਦਾਖ਼ਲ ਹੋਏ ਵਿਦਿਆਰਥੀਆਂ ਲਈ **Student Induction Programme** ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਵਾਇਸ ਪ੍ਰਿੰਸੀਪਲ **ਡਾ. ਗੁਰਮੀਤ ਸਿੰਘ** ਨੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ।

## 45. ਫ਼ਿਜ਼ਿਕਸ ਵਿਭਾਗ:

ਵਿਭਾਗ ਦੇ ਮੁਖੀ **ਡਾ. ਅਰਵਿੰਦ ਸੱਭਰਵਾਲ** ਦੇ ਯਤਨਾਂ ਸਦਕਾ ਮਿਤੀ 25 ਅਗਸਤ 2023 ਨੂੰ **Student Induction Programme** ਦਾ ਆਯੋਜਨ ਕੀਤਾ ਗਿਆ।

ਮਿਤੀ 10 ਅਕਤੂਬਰ 2023 ਨੂੰ ਵਿਭਾਗ ਵੱਲੋਂ ਭਾਰਤੀ ਮਾਪਦੰਡ ਬਿਊਰੋ (BIS) ਦੇ ਸਹਿਯੋਗ ਨਾਲ **Student Connect Programme** ਦਾ ਆਯੋਜਨ ਕੀਤਾ ਗਿਆ।

ਮਿਤੀ 02 ਅਪ੍ਰੈਲ 2024 ਨੂੰ ਵਿਦਿਆਰਥੀਆਂ ਦਾ **ਕਸੌਲੀ** ਵਿਖੇ ਵਿੱਦਿਅਕ **ਦੌਰਾ** ਕਰਵਾਇਆ ਗਿਆ।

ਮਿਤੀ 26 ਅਪ੍ਰੈਲ 2024 ਨੂੰ ਭਾਰਤੀ ਮਾਪਦੰਡ ਬਿਊਰੋ ਦੇ ਮਾਰਗ ਦਰਸ਼ਨ ਹੇਠ ਭਾਰਤ ਸਰਕਾਰ ਵੱਲੋਂ ਫ਼ੋਕਲ ਪੁਆਇੰਟ ਪਟਿਆਲਾ ਵਿਖੇ **ਸ਼ੁਭ ਉਦਯੋਗਾਂ, ਸਸਤੇ ਇਨੋਵੇਸ਼ਨ** ਲਈ ਆਯੋਜਿਤ ਕੀਤੇ ਗਏ ਉਦਯੋਗਿਕ ਦੌਰੇ ਵਿੱਚ ਵਿਭਾਗ ਦੇ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ।

## 46. ਬਾਇਓਟੈਕਨਾਲੋਜੀ ਵਿਭਾਗ:

ਵਿਭਾਗ ਦੇ ਮੁਖੀ **ਡਾ. ਨਿਪੁੰਨਜੋਤ ਕੌਰ** ਦੀ ਦੇਖ-ਰੇਖ ਹੇਠ ਮਿਤੀ 06 ਸਤੰਬਰ 2023 ਨੂੰ ਵਿਭਾਗ ਦੇ ਵਿਦਿਆਰਥੀਆਂ ਦਾ **ਕੈਂਪਸ ਫ਼ਾਰ ਰਿਸਰਚ ਐਂਡ ਐਡਵਾਂਸਡ ਸਟੱਡੀਜ਼, ਧਬਲਾਨ** ਵਿਖੇ ਇੱਕ ਰੋਜ਼ਾ ਵਿਦਿਅਕ ਦੌਰਾ ਕਰਵਾਇਆ ਗਿਆ। ਇਸ ਦੌਰਾਨ **ਡਾ. ਪਰਦੀਪ ਕੁਮਾਰ ਸ੍ਰੀਵਾਸਤਵਾ** ਨੇ ਵਿਦਿਆਰਥੀਆ ਨੂੰ ਕੂੜੇ ਦੇ ਪ੍ਰਬੰਧਨ ਬਾਰੇ ਜਾਣਕਾਰੀ ਦਿੱਤੀ।

ਮਿਤੀ 18-19 ਨਵੰਬਰ 2023 ਨੂੰ ਵਿਦਿਆਰਥੀਆਂ ਦਾ **Forest Research Institute (FRI)** ਵਿਖੇ ਇੱਕ ਰੋਜ਼ਾ ਦੌਰੇ ਦਾ ਆਯੋਜਨ ਕੀਤਾ ਗਿਆ ਜਿੱਥੇ ਵਿਦਿਆਰਥੀਆਂ ਨੇ **ਸਿਲਵੀਕਲਚਰ** ਤੇ **ਟਿੰਬਰ ਮਿਊਜ਼ੀਅਮ** ਵੇਖੇ।

ਵਿਭਾਗ ਵੱਲੋਂ **02 ਲੈਕਚਰ** ਕਰਵਾਏ ਗਏ।

ਵਿਭਾਗ ਵੱਲੋਂ **01 ਵਰਕਸ਼ਾਪ** ਲਗਾਈ ਗਈ।

## 47. ਪੋਸਟ ਗ੍ਰੈਜੂਏਟ ਖੇਤੀਬਾੜੀ ਵਿਭਾਗ:

ਵਿਭਾਗ ਦੇ ਡੀਨ **ਪ੍ਰੋ.ਸੰਦੀਪ ਚਹਿਲ** ਅਤੇ ਮੁਖੀ **ਡਾ. ਹਰਪ੍ਰੀਤ ਕੌਰ** ਦੇ ਯਤਨਾਂ ਸਦਕਾ ਵਿਭਾਗ ਵੱਲੋਂ ਵਿਭਾਗ ਦੇ ਵਿਦਿਆਰਥੀਆਂ ਦੇ **04 ਵਿਦਿਅਕ ਦੌਰੇ** ਕਰਵਾਏ ਗਏ। ਮਿਤੀ 14 ਸਤੰਬਰ 2023 ਨੂੰ ਵਿਦਿਆਰਥੀਆਂ ਦਾ **ਕ੍ਰਿਸ਼ੀ ਵਿਗਿਆਨ ਕੇਂਦਰ ਰੌਣੀ, ਪਟਿਆਲਾ** ਵਿਖੇ ਆਯੋਜਿਤ **ਕਿਸਾਨ ਮੇਲੇ** ਦਾ **ਵਿਦਿਅਕ ਦੌਰਾ,** ਮਿਤੀ 21 ਫ਼ਰਵਰੀ 2024 ਨੂੰ ਵਿਦਿਆਰਥੀਆਂ ਦਾ **ਪੰਜਾਬੀ ਯੂਨੀਵਰਸਿਟੀ ਪਟਿਆਲਾ** ਵਿਖੇ ਆਯੋਜਿਤ **ਸਾਇੰਸ ਫ਼ੈਸਟੀਵਲ** ਦਾ **ਵਿਦਿਅਕ ਦੌਰਾ,** ਮਿਤੀ 10 ਮਾਰਚ 2024 ਨੂੰ ਵਿਦਿਆਰਥੀਆਂ ਦਾ **ਮਨਾਲੀ** ਦਾ **ਵਿਦਿਅਕ ਦੌਰਾ** ਅਤੇ ਮਿਤੀ 22 ਮਾਰਚ 2024 ਨੂੰ ਵਿਦਿਆਰਥੀਆਂ ਦਾ **ਕ੍ਰਿਸ਼ੀ ਵਿਗਿਆਨ ਕੇਂਦਰ ਰੌਣੀ, ਪਟਿਆਲਾ** ਦਾ **ਵਿਦਿਅਕ ਦੌਰਾ** ਕਰਵਾਇਆ ਗਿਆ।

ਮਿਤੀ 08 ਸਤੰਬਰ 2023 ਨੂੰ ਵਿਭਾਗ ਦੇ 18 ਵਿਦਿਆਰਥੀਆਂ ਨੇ **ਜ਼ਿਲ੍ਹਾ ਰੁਜ਼ਗਾਰ ਬਿਊਰੋ ਪਟਿਆਲਾ** ਦੁਆਰਾ ਆਯੋਜਿਤ ਕੀਤੇ ਗਏ **ਰੁਜ਼ਗਾਰ ਮੇਲੇ** ਵਿੱਚ **ਸ਼ਮੂਲੀਅਤ** ਕੀਤੀ।

ਮਿਤੀ 12 ਸਤੰਬਰ 2023 ਨੂੰ **Student Induction Programme** ਦਾ ਆਯੋਜਨ ਕੀਤਾ ਗਿਆ।

ਮਿਤੀ 18 ਸਤੰਬਰ 2023 ਨੂੰ ਕਾਲਜ ਦੇ ਬਾਇਓਟੈਕਨਾਲੋਜੀ ਵਿਭਾਗ ਦੇ ਵਿਦਿਆਰਥੀਆਂ ਦੇ **ਕੈਂਪਸ ਫ਼ਾਰ ਰਿਸਰਚ ਐਂਡ ਐਡਵਾਂਸਡ ਸਟੱਡੀਜ਼, ਧਬਲਾਨ** ਵਿਖੇ ਆਯੋਜਿਤ ਕੀਤੇ ਗਏ **ਦੌਰੇ** ਦੌਰਾਨ ਵਿਭਾਗ ਵੱਲੋਂ ਉਨ੍ਹਾਂ ਨੂੰ **ਵਰਮੀਕੰਪੋਸਟ ਅਤੇ ਵੇਸਟ ਮੈਨੇਜਮੈਂਟ** ਬਾਰੇ **ਜਾਣਕਾਰੀ** ਦਿੱਤੀ ਗਈ।

ਮਿਤੀ 01 ਦਸੰਬਰ 2023 ਨੂੰ ਕਾਲਜ ਦੇ **ਸਕੂਲ ਆਫ਼ ਕਾਮਰਸ ਐਂਡ ਮੈਨੇਜਮੈਂਟ** ਦੇ ਵਿਦਿਆਰਥੀਆਂ ਦੇ **ਕੈਂਪਸ ਫ਼ਾਰ ਰਿਸਰਚ ਐਂਡ ਐਡਵਾਂਸਡ ਸਟੱਡੀਜ਼, ਧਬਲਾਨ** ਵਿਖੇ **ਵਿਦਿਅਕ ਦੌਰੇ** ਦੌਰਾਨ ਵਿਭਾਗ ਵੱਲੋਂ ਉਨ੍ਹਾਂ ਨੂੰ **ਲੋੜੀਂਦੀ ਜਾਣਕਾਰੀ** ਦਿੱਤੀ ਗਈ।

ਮਿਤੀ 13 ਦਸੰਬਰ 2023 ਨੂੰ **ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਧਬਲਾਨ** ਦੇ ਵਿਦਿਆਰਥੀਆਂ ਦੇ **ਨੈਸ਼ਨਲ ਚਿਲਡਰਨ ਸਾਇੰਸ ਕਾਂਗਰਸ ਪ੍ਰੋਜੈਕਟ** ਤਹਿਤ **ਕੈਂਪਸ ਫ਼ਾਰ ਰਿਸਰਚ ਐਂਡ ਐਡਵਾਂਸਡ ਸਟੱਡੀਜ਼, ਧਬਲਾਨ** ਵਿਖੇ ਆਯੋਜਿਤ ਕੀਤੇ ਗਏ **ਦੌਰੇ** ਦੌਰਾਨ ਵਿਦਿਆਰਥੀਆਂ ਨੂੰ ਵਿਭਾਗ ਵੱਲੋਂ **ਲੋੜੀਂਦੀ ਜਾਣਕਾਰੀ** ਮੁਹੱਈਆ ਕੀਤੀ ਗਈ।

ਮਿਤੀ 16 ਜਨਵਰੀ 2024 ਨੂੰ ਵਿਦਿਆਰਥੀਆਂ ਨੇ **ਕ੍ਰਿਸ਼ੀ ਵਿਗਿਆਨ ਕੇਂਦਰ ਰੌਣੀ, ਪਟਿਆਲਾ** ਵਿਖੇ **ਕੀਟਨਾਸ਼ਕਾਂ ਦੇ ਸੁਰੱਖਿਅਤ ਪ੍ਰਯੋਗ** ਵਿਸ਼ੇ 'ਤੇ ਆਯੋਜਿਤ ਕੀਤੇ ਗਏ **ਸੈਮੀਨਾਰ** ਵਿੱਚ **ਸ਼ਮੂਲੀਅਤ** ਕੀਤੀ।

ਮਿਤੀ **07 ਮਾਰਚ 2024 ਨੂੰ** ਥਾਪਰ ਇੰਸਟੀਚਿਊਟ ਆਫ਼ ਇੰਜਿਨਅਰਿੰਗ ਐਂਡ ਟੈਕਨਾਲੋਜੀ, ਪਟਿਆਲਾ ਵਿਖੇ **Life Sytle Workshop on House Hold Waste Management** ਵਿਸ਼ੇ 'ਤੇ ਆਯੋਜਿਤ ਕੀਤੀ ਗਈ **ਵਰਕਸ਼ਾਪ** ਵਿੱਚ ਵਿਭਾਗ ਦੇ ਬੀ.ਐੱਸਸੀ. ਐਗਰੀਕਲਚਰ ਭਾਗ ਚੌਥਾ ਦੇ **10 ਵਿਦਿਆਰਥੀਆਂ** ਨੇ **ਭਾਗ** ਲਿਆ।

ਮਿਤੀ 20 ਮਾਰਚ 2024 ਨੂੰ ਕਾਲਜ ਦੇ ਬਾਇਓਟੈਕਨਾਲੋਜੀ ਵਿਭਾਗ ਦੁਆਰਾ ਆਯੋਜਿਤ ਕੀਤੇ ਗਏ **ਰੰਗੋਲੀ ਮੁਕਾਬਲੇ** ਵਿੱਚ ਵਿਭਾਗ ਦੇ 02 ਵਿਦਿਆਰਥੀਆਂ ਨੇ **ਦੂਜਾ ਸਥਾਨ** ਹਾਸਲ ਕੀਤਾ।

ਮਿਤੀ 24 ਜੂਨ 2024 ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੀਐੱਚ.ਡੀ. ਕਰ ਰਹੇ ਵਿਦਿਆਰਥੀ ਨੇ **ਕੈਂਪਸ ਫ਼ਾਰ ਰਿਸਰਚ ਐਂਡ ਐਡਵਾਂਸਡ ਸਟੱਡੀਜ਼, ਧਬਲਾਨ** ਵਿਖੇ **ਮਿੱਟੀ ਵਿਗਿਆਨ ਦੀ ਪ੍ਰਯੋਗਸ਼ਾਲਾ** ਵਿੱਚ **ਮਿੱਟੀ ਦੇ ਵੱਖ-ਵੱਖ ਨਮੂਨਿਆਂ ਦੇ ਕਈ ਪੈਰਾਮੀਟਰਾਂ ਦੀ ਜਾਂਚ** ਕੀਤੀ।

ਵਿਭਾਗ ਵੱਲੋਂ **01 ਵਰਕਸ਼ਾਪ ਲਗਾਈ** ਗਈ।

## 48. ਬਨਸਪਤੀ ਵਿਗਿਆਨ ਵਿਭਾਗ:

ਵਿਭਾਗ ਦੇ ਮੁਖੀ **ਡਾ. ਰਾਜਦੀਪ ਸਿੰਘ ਧਾਲੀਵਾਲ** ਦੇ ਯਤਨਾਂ ਸਦਕਾ ਮਿਤੀ 18 ਸਤੰਬਰ 2023 ਨੂੰ **Student Induction Programme** ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ **ਡਾ. ਧਰਮਿੰਦਰ ਸਿੰਘ ਉੱਭਾ** ਨੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ।

## 49. ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਅਤੇ ਪੰਜਾਬੀ ਸਾਹਿਤ ਸਭਾ:

ਵਿਭਾਗ ਦੇ ਮੁਖੀ **ਪ੍ਰੋ. ਪਰਮਜੀਤ ਕੌਰ** ਦੀ ਦੇਖ-ਰੇਖ ਹੇਠ ਅਤੇ ਪੰਜਾਬੀ ਸਾਹਿਤ ਸਭਾ ਅਤੇ ਭਾਸ਼ਾ ਮੰਚ ਦੇ ਕਨਵੀਨਰ **ਪ੍ਰੋ. ਜਗਰੂਪ ਕੌਰ** ਦੇ ਯਤਨਾਂ ਸਦਕਾ ਵਿਭਾਗ ਮੰਚ ਅਤੇ ਸਭਾ ਵੱਲੋਂ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ।

ਮਿਤੀ 21 ਸਤੰਬਰ 2023 ਨੂੰ ਨਵੇਂ ਵਿਦਿਆਰਥੀਆਂ ਲਈ **ਓਰੀਐਂਟੇਸ਼ਨ ਪ੍ਰੋਗਰਾਮ** ਆਯੋਜਿਤ ਕੀਤਾ ਗਿਆ ਜਿਸ ਦੌਰਾਨ ਵਿਦਿਆਰਥੀਆਂ ਨੂੰ **ਕਾਲਜ ਕੈਂਪਸ ਅਤੇ ਅਕਾਦਮਿਕ ਵਾਤਾਵਰਣ** ਆਦਿ ਬਾਰੇ ਜਾਣਕਾਰੀ ਦਿੱਤੀ ਗਈ।

ਸੈਸ਼ਨ ਦੇ ਆਰੰਭ ਵਿੱਚ **ਪੰਜਾਬੀ ਸਾਹਿਤ ਸਭਾ ਦਾ ਗਠਨ** ਕੀਤਾ ਗਿਆ ਅਤੇ **551 ਵਿਦਿਆਰਥੀਆਂ** ਨੂੰ **ਮੈਂਬਰ** ਬਣਾਇਆ ਗਿਆ ਅਤੇ **ਅਹੁੱਦੇਦਾਰਾਂ ਦੀ ਚੋਣ** ਕੀਤੀ ਗਈ।

ਮਿਤੀ 05 ਅਕਤੂਬਰ 2023 ਨੂੰ **ਕਾਵਿ ਉਚਾਰਨ ਮੁਕਾਬਲਾ** ਕਰਵਾਇਆ ਗਿਆ। ਇਸ ਦੌਰਾਨ ਕਾਲਜ ਪ੍ਰਿੰਸੀਪਲ **ਡਾ. ਧਰਮਿੰਦਰ ਸਿੰਘ ਉੱਭਾ** ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

ਉਪਰੋਕਤ ਤੋਂ ਇਲਾਵਾ ਵਿਭਾਗ ਵੱਲੋਂ ਯੂ.ਜੀ.ਸੀ. ਕੇਅਰਲਿਸਟ ਵਿੱਚ ਸ਼ਾਮਿਲ ਅੰਤਰਰਾਸ਼ਟਰੀ ਜਰਨਲ **ਖੋਜ ਪੰਧ** ਦਾ 10ਵਾਂ, ਆਰਟੀਫੀਸ਼ਨ ਇੰਟੈਲੀਜੈਂਸ ਵਿਸ਼ੇਸ਼ ਅੰਕ, ਕੱਢਿਆ ਗਿਆ।

ਇਸ ਵਿਭਾਗ ਵੱਲੋਂ **ਭਾਈ ਵੀਰ ਸਿੰਘ ਦਾ ਜਨਮ ਦਿਹਾੜਾ,** ਅਤੇ **ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ** ਵੀ ਮਨਾਏ ਗਏ।

ਮਿਤੀ 31 ਜਨਵਰੀ 2024 ਨੂੰ ਵਿਭਾਗ ਦੇ ਵਿਦਿਆਰਥੀਆਂ ਦਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਆਯੋਜਿਤ ਕੀਤੇ ਗਏ **ਪੁਸਤਕ ਅਤੇ ਸਾਹਿਤ ਉਤਸਵ 2024** ਵਿਚ **ਵਿਦਿਅਕ ਦੌਰੇ** ਦਾ ਆਯੋਜਨ ਕੀਤਾ ਗਿਆ।

## 50. ਪੋਸਟ ਗ੍ਰੈਜੂਏਟ ਡਿਪਾਰਟਮੈਂਟ ਆਫ਼ ਇੰਗਲਿਸ਼ ਐਂਡ ਫੌਰਨ ਲੈਂਗੂਏਜਿਜ਼:

ਵਿਭਾਗ ਦੇ ਮੁਖੀ **ਪ੍ਰੋ. ਜਸਪ੍ਰੀਤ ਕੌਰ** ਦੀ ਯੋਗ ਅਗਵਾਈ ਅਧੀਨ ਮਿਤੀ 29 ਅਗਸਤ 2023 ਨੂੰ ਵਿਭਾਗ ਵੱਲੋਂ **Induction-cum-Welcome** ਪ੍ਰੋਗਰਾਮ ਕਰਵਾਇਆ ਗਿਆ ਜਿਸ ਦੌਰਾਨ ਵਿਦਿਆਰਥੀਆਂ ਨੂੰ ਕਲੱਬ, ਸੁਸਾਇਟੀਆਂ, ਕਾਲਜ ਲਾਇਬ੍ਰੇਰੀ ਦੇ ਨਿਯਮਾਂ ਬਾਰੇ ਜਾਣਕਾਰੀ ਦਿੱਤੀ ਗਈ। ਐਂਟੀ ਰੈਗਿੰਗ ਸੈੱਲ ਦੇ ਕਨਵੀਨਰ **ਡਾ. ਰੂਬਲ ਬਰਾੜ** ਅਤੇ ਇੰਚਾਰਜ ਸਕਾਲਰਸ਼ਿਪ **ਪ੍ਰੋ. ਜਸਪ੍ਰੀਤ ਸਿੰਘ** ਵੀ ਵਿਦਿਆਰਥੀਆਂ ਨੂੰ ਸੰਬੋਧਿਤ ਹੋਏ।

ਮਿਤੀ 10 ਅਕਤੂਬਰ 2023 ਨੂੰ ਵਿਭਾਗ ਦੇ ਮੁਖੀ **ਪ੍ਰੋ. ਜਸਪ੍ਰੀਤ ਕੌਰ** ਵੱਲੋਂ ਸਾਰੀਆਂ ਕਲਾਸਾਂ ਦੇ CRs ਨਾਲ ਮੀਟਿੰਗ ਆਯੋਜਿਤ ਕੀਤੀ ਗਈ।

ਮਿਤੀ 18 ਦਸੰਬਰ 2023 ਨੂੰ **ਪ੍ਰੋ. ਜਸਪ੍ਰੀਤ ਕੌਰ** ਵੱਲੋਂ ਵਿਭਾਗ ਦੇ ਅਧਿਆਪਕ ਸਾਹਿਬਾਨ ਲਈ **Design your Thinking** ਵਿਸ਼ੇ 'ਤੇ **Orientation Programme** ਆਯੋਜਿਤ ਕੀਤਾ ਗਿਆ।

ਮਿਤੀ 26 ਅਪ੍ਰੈਲ 2024 ਨੂੰ ਵਿਦਿਆਰਥੀਆਂ ਲਈ **Adieu Interaction Session** ਆਯੋਜਿਤ ਕੀਤਾ ਗਿਆ।

ਉਪਰੋਕਤ ਤੋਂ ਇਲਾਵਾ ਵਿਭਾਗ ਦੀਆਂ ਦੋ ਵਿਦਿਆਰਥਣਾਂ **ਮੋਨਿਕਾ** ਅਤੇ **ਏਕਜੋਤ ਕੌਰ** ਨੇ ਦੁਬਈ ਵਿਖੇ **Student Exchange Programme** ਵਿੱਚ ਭਾਗ ਲਿਆ।

ਵਿਭਾਗ ਵੱਲੋਂ **06 ਲੈਕਚਰ** ਕਰਵਾਏ ਗਏ।

## 51. ਹਿੰਦੀ ਅਤੇ ਹੋਰ ਭਾਸ਼ਾਵਾਂ ਵਿਭਾਗ:

ਵਿਭਾਗ ਦੇ ਮੁਖੀ **ਡਾ. ਹਰਵਿੰਦਰ ਕੌਰ** ਦੇ ਯਤਨਾਂ ਸਦਕਾ ਮਿਤੀ 23 ਅਗਸਤ 2023 ਨੂੰ **ਸਟੂਡੈਂਟ ਇੰਡਕਸ਼ਨ ਪ੍ਰੋਗਰਾਮ** ਦਾ ਆਯੋਜਨ ਕੀਤਾ ਗਿਆ।

ਮਿਤੀ 01 ਸਤੰਬਰ 2023 ਨੂੰ **ਹਿੰਦੀ ਸਾਹਿਤ ਪਰਿਸ਼ਦ** ਦਾ ਗਠਨ ਕੀਤਾ ਗਿਆ ਜਿਸ ਵਿੱਚ **ਪ੍ਰਧਾਨ, ਉਪ-ਪ੍ਰਧਾਨ, ਸੈਕਟਰੀ, ਵਿੱਤ ਸੈਕਟਰੀ** ਅਤੇ **ਪੰਜ ਮੈਂਬਰ** ਚੁਣੇ ਗਏ।

ਮਿਤੀ 26 ਮਾਰਚ 2024 ਨੂੰ ਹਿੰਦੀ, ਉਰਦੂ, ਪੰਜਾਬੀ ਅਤੇ ਅੰਗ੍ਰੇਜ਼ੀ-ਚਾਰ ਭਾਸ਼ਾਵਾਂ ਵਿੱਚ ਵਿਦਿਆਰਥੀਆਂ ਦਾ **ਸਵੈ-ਰਚਿਤ ਕਵਿਤਾਵਾਂ** ਦਾ **ਕਵੀ ਦਰਬਾਰ** ਆਯੋਜਿਤ ਕੀਤਾ ਗਿਆ ਜਿਸ ਦੌਰਾਨ 22 ਵਿਦਿਆਰਥੀਆਂ ਨੇ ਆਪਣੀਆਂ **ਮੌਲਿਕ ਰਚਨਾਵਾਂ** ਪ੍ਰਸਤੁਤ ਕੀਤੀਆਂ।

ਮਿਤੀ 18 ਅਪ੍ਰੈਲ 2024 ਨੂੰ ਵਿਭਾਗ ਦੇ ਵਿਦਿਆਰਥੀਆਂ ਨੂੰ ਸਿਲੇਬਸ ਨਾਲ ਸਬੰਧਿਤ ਇੱਕ ਲਘੂ ਫਿਲਮ **ਪੂਸ ਕੀ ਰਾਤ** ਦਿਖਾਈ ਗਈ।

### 52. ਫੋਕ ਆਰਟ ਐਂਡ ਕਲਚਰ ਵਿਭਾਗ:

ਵਿਭਾਗ ਦੇ ਮੁਖੀ **ਪ੍ਰੋ. ਸੰਦੀਪ ਚਹਿਲ** ਦੇ ਯਤਨਾਂ ਸਦਕਾ ਮਿਤੀ 04 ਸਤੰਬਰ 2023 ਨੂੰ ਬੀ.ਏ. ਭਾਗ ਪਹਿਲਾ ਦੇ ਵਿਦਿਆਰਥੀਆਂ ਲਈ **ਇੰਡਕਸ਼ਨ ਪ੍ਰੋਗਰਾਮ** ਅਤੇ ਬੀ.ਏ. ਭਾਗ ਦੂਜਾ ਤੇ ਤੀਜਾ ਲਈ **ਓਰੀਐਂਟੇਸ਼ਨ ਪ੍ਰੋਗਰਾਮ** ਆਯੋਜਿਤ ਕੀਤਾ ਗਿਆ।

ਮਿਤੀ 27 ਸਤੰਬਰ 2023 ਨੂੰ ਵਿਦਿਆਰਥੀਆਂ ਦੇ **Govt. Archeological Museum Sanghol** ਅਤੇ **Govt. Art and Museum Chandigarh** ਵਿਖੇ ਇੱਕ ਰੋਜ਼ਾ ਵਿੱਦਿਅਕ ਦੋਰੇ ਦਾ ਆਯੋਜਨ ਕੀਤਾ ਗਿਆ।

ਮਿਤੀ 31 ਜਨਵਰੀ 2024 ਨੂੰ ਵਿਦਿਆਰਥੀਆਂ ਦਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਆਯੋਜਿਤ **ਪੁਸਤਕ** ਅਤੇ **ਸਾਹਿਤ ਉਤਸਵ 2024** ਵਿੱਚ **ਵਿਦਿਅਕ ਦੌਰੇ** ਦਾ ਆਯੋਜਨ ਕੀਤਾ ਗਿਆ।

### 53. ਫਾਈਨ ਆਰਟਸ ਵਿਭਾਗ:

ਵਿਭਾਗ ਦੇ ਮੁਖੀ **ਡਾ. ਮਨਵੀਰ ਕੌਰ** ਦੇ ਯਤਨਾਂ ਸਦਕਾ ਮਿਤੀ 04 ਸਤੰਬਰ 2023 ਨੂੰ ਬੀ.ਏ. ਭਾਗ ਪਹਿਲਾ ਦੇ ਵਿਦਿਆਰਥੀਆਂ ਲਈ **ਇੰਡਕਸ਼ਨ ਪ੍ਰੋਗਰਾਮ** ਅਤੇ ਬੀ.ਏ.ਭਾਗ ਦੂਜਾ ਤੇ ਤੀਜਾ ਦੇ ਵਿਦਿਆਰਥੀਆਂ ਲਈ **ਓਰੀਐਂਟੇਸ਼ਨ ਪ੍ਰੋਗਰਾਮ** ਆਯੋਜਿਤ ਕੀਤਾ ਗਿਆ ਜਿਸ ਦੌਰਾਨ **ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ** ਅਤੇ ਡੀਨ ਕਰੀਏਟਿਵ ਆਰਟਸ **ਪ੍ਰੋ. ਸੰਦੀਪ ਚਹਿਲ** ਨੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ।

ਮਿਤੀ 27 ਸਤੰਬਰ 2023 ਨੂੰ ਵਿਭਾਗ ਵੱਲੋਂ ਵਿਦਿਆਰਥੀਆਂ ਦੇ **Govt. Archeological Museum Sanghol** ਅਤੇ **Govt. Art and Museum Chandigarh** ਵਿਖੇ ਇੱਕ ਰੋਜ਼ਾ ਵਿੱਦਿਅਕ ਦੌਰੇ ਦਾ ਆਯੋਜਨ ਕੀਤਾ ਗਿਆ।

ਮਿਤੀ 31 ਜਨਵਰੀ 2024 ਨੂੰ ਵਿਦਿਆਰਥੀਆਂ ਦਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਆਯੋਜਿਤ **ਪੁਸਤਕ** ਅਤੇ **ਸਾਹਿਤ ਉਤਸਵ 2024** ਵਿੱਚ **ਵਿਦਿਅਕ ਦੌਰੇ** ਦਾ ਆਯੋਜਨ ਕੀਤਾ ਗਿਆ।

ਮਿਤੀ 19 ਅਪ੍ਰੈਲ 2024 ਨੂੰ ਵਿਭਾਗ ਵੱਲੋਂ **ਚੌਥੀ ਸਾਲਾਨਾ ਕਲਾ ਪ੍ਰਦਰਸ਼ਨੀ ''ਦਸਤਕ 24''** ਦਾ ਆਯੋਜਨ ਕੀਤਾ ਗਿਆ।

ਵਿਭਾਗ ਵੱਲੋਂ **01 ਵਰਕਸ਼ਾਪ** ਲਗਾਈ ਗਈ।

### 54. ਪੀ.ਜੀ. ਡਿਪਾਰਟਮੈਂਟ ਆਫ਼ ਫੈਸ਼ਨ ਡਿਜ਼ਾਇਨਿੰਗ ਅਤੇ ਹੋਮ ਸਾਇੰਸ:

ਵਿਭਾਗ ਦੇ ਮੁਖੀ **ਡਾ. ਬਲਬੀਰ ਕੌਰ** ਦੀ ਦੇਖ-ਰੇਖ ਹੇਠ ਮਿਤੀ 23 ਤੋਂ 25 ਅਗਸਤ 2023 ਨੂੰ ਤਿੰਨ ਰੋਜ਼ਾ ਓਰੀਐਂਟੇਸ਼ਨ-ਕਮ-ਇੰਡਕਸ਼ਨ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ **"Nail**

**Art Workshop", Mehndi Competition, "Lok Pehrawa Muqabla"** ਅਤੇ **Photography Session"** ਵਿਸ਼ੇ 'ਤੇ ਗਤੀਵਿਧੀਆਂ ਆਯੋਜਿਤ ਕੀਤੀਆਂ ਗਈਆਂ।

ਮਿਤੀ 21 ਸਤੰਬਰ 2023 ਨੂੰ ਸੈਸ਼ਨ 2023-24 ਦੇ ਯੁਵਕ ਮੇਲੇ ਨੂੰ ਮੁੱਖ ਰੱਖਦਿਆਂ **''ਟੈਲੇਂਟ ਹੰਟ''** ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਵਿਦਿਆਰਥੀਆਂ ਨੇ **ਖਿੱਦੋ, ਇੰਨੂ, ਗੁੱਡੀਆਂ ਪਟੋਲੇ, ਫੁਲਕਾਰੀ ਦੀ ਕਢਾਈ, ਪੱਖੀ** ਅਤੇ **ਕ੍ਰੋਸ਼ੇਟ ਮੇਕਿੰਗ** ਵਿੱਚ ਹਿੱਸਾ ਲਿਆ।

ਮਿਤੀ 04 ਅਕਤੂਬਰ ਅਤੇ 05 ਅਕਤੂਬਰ 2023 ਨੂੰ **ਚੰਨਪ੍ਰੀਤ ਕੌਰ** ਅਲੂਮਨਾ ਵਿਭਾਗ ਦੁਆਰਾ ਓਲਡ ਸਟੂਡੈਂਟ ਐਸੋਸੀਏਸ਼ਨ ਦੇ ਯਹਿਯੋਗ ਨਾਲ ਇੱਕ ਲੈਕਚਰ **''ਸਟਾਰਟਅੱਪਸ-ਸ਼ੇਪਿੰਗ ਫਿਊਚਰ''** ਅਤੇ ''**ਰਵਾਇਤੀ ਕਢਾਈ** ਤੇ ''**ਫ੍ਰੀ ਹੈਂਡ ਪੇਂਟਿੰਗ''** ਉੱਤੇ ਦੋ ਰੋਜ਼ਾ ਲੈਕਚਰ- ਕਮ- ਵਰਕਸ਼ਾਪ ਦਾ ਆਯੋਜਨ ਕੀਤਾ ਗਿਆ।

ਮਿਤੀ 05 ਅਪ੍ਰੈਲ 2024 ਨੂੰ **''ਪ੍ਰਦਰਸ਼ਨੀ-ਹਸਤਕਾਰੀ''** ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਵਿਦਿਆਰਥੀਆਂ ਵੱਲੋਂ ਹੱਥ ਨਾਲ ਤਿਆਰ ਕੀਤੀਆਂ ਵਸਤੂਆਂ ਪ੍ਰਦਰਸ਼ਿਤ ਕੀਤੀਆਂ ਗਈਆਂ।

ਵਿਭਾਗ ਵੱਲੋਂ **02 ਵਰਕਸ਼ਾਪ** ਲਗਾਈਆਂ ਗਈਆਂ।

ਵਿਭਾਗ ਵੱਲੋਂ **02 ਲੈਕਚਰ** ਕਰਵਾਏ ਗਏ।

## 55. ਪੋਸਟ ਗ੍ਰੈਜੂਏਟ ਇਤਿਹਾਸ ਵਿਭਾਗ:

ਵਿਭਾਗ ਦੇ ਮੁਖੀ **ਡਾ. ਹਰਜੀਤ ਕੌਰ** ਦੇ ਯਤਨਾਂ ਸਦਕਾ ਵਿਭਾਗ ਵੱਲੋਂ ਮਿਤੀ 23 ਅਗਸਤ 2023 ਨੂੰ **ਓਰੀਐਂਟੇਸ਼ਨ-ਕਮ-ਇੰਡਕਸ਼ਨ ਪ੍ਰੋਗਰਾਮ** ਆਯੋਜਿਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ **ਡਾ. ਧਰਮਿੰਦਰ ਸਿੰਘ ਉੱਭਾ,** ਵਾਇਸ ਪ੍ਰਿੰਸੀਪਲ **ਡਾ. ਹਰਵਿੰਦਰ ਕੋਰ,** ਐਂਟੀ ਰੈਗਿੰਗ ਸੈੱਲ ਦੇ ਕਨਵੀਨਰ **ਡਾ. ਰੂਬਲ ਬਰਾੜ** ਅਤੇ ਸਕਾਲਰਸ਼ਿਪ ਇੰਚਾਰਜ **ਪ੍ਰੋ. ਜਸਪ੍ਰੀਤ ਸਿੰਘ** ਸੰਬੋਧਿਤ ਹੋਏ।

ਮਿਤੀ 31 ਜਨਵਰੀ 2024 ਨੂੰ ਵਿਭਾਗ ਦੇ ਵਿਦਿਆਰਥੀਆਂ ਦਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਆਯੋਜਿਤ ਕੀਤੇ ਗਏ **ਪੁਸਤਕ ਅਤੇ ਸਾਹਿਤ ਉਤਸਵ 2024** ਵਿਚ **ਵਿਦਿਅਕ ਦੌਰੇ** ਦਾ ਆਯੋਜਨ ਕੀਤਾ ਗਿਆ।

ਮਿਤੀ 13 ਫ਼ਰਵਰੀ 2024 ਨੂੰ ਉੱਘੇ ਅਤੇ ਅਨੁਭਵੀ ਜਰਨਲਿਸਟ **ਸ. ਪਰਮਿੰਦਰ ਸਿੰਘ ਟਿਵਾਣਾ** ਦਾ **ਰੂ-ਬ-ਰੂ** ਪ੍ਰੋਗਰਾਮ ਆਯੋਜਿਤ ਕੀਤਾ ਗਿਆ।

ਮਿਤੀ 28 ਮਾਰਚ 2024 ਨੂੰ ਵਿਦਿਆਰਥੀਆਂ ਦਾ **Govt. Archeological Museum Sanghol** ਅਤੇ **Govt. Art and Museum Chandigarh** ਵਿਖੇ ਇੱਕ ਰੋਜ਼ਾ ਵਿਦਿਅਕ ਦੌਰਾ ਕਰਵਾਇਆ ਗਿਆ।

## 56. ਧਰਮ ਅਧਿਐਨ ਵਿਭਾਗ:

### ਸ੍ਰੀ ਦਰਬਾਰ ਸਾਹਿਬ ਵਿਖੇ ਵਿਸ਼ੇਸ਼ ਸੇਵਾ ਯਾਤਰਾ:

ਮਿਤੀ 15 ਜੂਨ 2024 ਨੂੰ ਕਾਲਜ ਦੇ ਸਟਾਫ਼ ਅਤੇ ਵਿਦਿਆਰਥੀਆਂ ਨੂੰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਦਿਸ਼ਾ-ਨਿਰਦੇਸ਼ਾਂ ਤਹਿਤ, ਸ੍ਰੀ ਦਰਬਾਰ ਸਾਹਿਬ ਵਿਖੇ ਸੇਵਾ ਲਈ ਲੈਜਾਇਆ ਗਿਆ।

ਇਸ ਵਿਭਾਗ ਦੇ ਵਿਦਿਆਰਥੀਆਂ ਨੇ ਮਿਤੀ 07 ਸਤੰਬਰ 2023 ਨੂੰ ਬਾਬਾ ਅਜਾਪਾਲ ਸਿੰਘ ਜੀ ਗੁਰਦੁਆਰਾ ਸਾਹਿਬ ਵਿਖੇ ਕਰਵਾਏ ਗਏ ਵਿਸ਼ੇਸ਼ ਗੁਰਮਤਿ ਸਮਾਗਮ ਵਿੱਚ ਭਾਗ ਲਿਆ।

ਵਿਭਾਗ ਦੇ ਮੁਖੀ **ਡਾ. ਗੁਰਵੀਰ ਸਿੰਘ** ਦੇ ਯਤਨਾਂ ਵਿਭਾਗ ਦੇ ਵਿਦਿਆਰਥੀਆਂ ਨੇ ਮਿਤੀ 04 ਤੋਂ 06 ਨਵੰਬਰ 2023 ਨੂੰ ਗੁਰਮਤਿ ਕਾਲਜ ਪਟਿਆਲਾ ਵਿਖੇ ਆਯੋਜਿਤ ਕੀਤੇ ਗਏ **ਗੁਰਮਤਿ ਕੈਂਪ** ਵਿੱਚ **ਸ਼ਮੂਲੀਅਤ** ਕੀਤੀ।

ਮਿਤੀ 22 ਤੋਂ 24 ਮਾਰਚ 2024 ਨੂੰ ਇਸ ਵਿਭਾਗ ਦੇ ਵਿਦਿਆਰਥੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਆਯੋਜਿਤ **ਗੁਰਮਤਿ ਕੈਂਪ** ਵਿੱਚ ਸ਼ਮੂਲੀਅਤ ਕੀਤੀ।

ਮਿਤੀ 23 ਤੋਂ 24 ਮਾਰਚ 2024 ਨੂੰ ਵਿਭਾਗ ਵੱਲੋਂ ਕਿਰਤ ਕਲੱਬ ਨਾਲ ਸਾਂਝੇ ਤੌਰ 'ਤੇ ਵਿਦਿਆਰਥੀਆਂ ਦਾ **ਸ੍ਰੀ ਪਾਉਂਟਾ ਸਾਹਿਬ** ਵਿਖੇ **ਵਿਦਿਅਕ ਟੂਰ** ਆਯੋਜਿਤ ਕੀਤਾ ਗਿਆ।

ਵਿਭਾਗ ਵੱਲੋਂ ਪਬਲਿਕ ਐਡਮਨਿਸਟ੍ਰੇਸ਼ਨ ਵਿਭਾਗ ਅਤੇ ਡਿਫੈਂਸ ਸਟੱਡੀਜ਼ ਵਿਭਾਗ ਦੇ ਸਹਿਯੋਗ ਨਾਲ **ਸਟੂਡੈਂਟ ਇੰਡਕਸ਼ਨ ਪ੍ਰੋਗਰਾਮ** ਆਯੋਜਿਤ ਕੀਤਾ ਗਿਆ।

ਵਿਭਾਗ ਵੱਲੋਂ **01 ਲੈਕਚਰ** ਕਰਵਾਇਆ ਗਿਆ।

## 57. ਪੋਸਟ ਗ੍ਰੈਜੂਏਟ ਰਾਜਨੀਤੀ ਵਿਗਿਆਨ ਵਿਭਾਗ:

ਵਿਭਾਗ ਦੇ ਮੁਖੀ **ਡਾ. ਜਗਤਾਰ ਸਿੰਘ** ਦੇ ਯਤਨਾਂ ਸਦਕਾ ਮਿਤੀ 06 ਸਤੰਬਰ 2023 ਨੂੰ **ਸਟੂਡੈਂਟ ਇੰਡਕਸ਼ਨ ਪ੍ਰੋਗਰਾਮ** ਦਾ ਆਯੋਜਨ ਕੀਤਾ ਗਿਆ ਅਤੇ ਮਿਤੀ 13 ਸਤੰਬਰ 2023 ਨੂੰ ਬੀ.ਏ. ਸੋਸ਼ਲ ਸਾਇੰਸਿਜ਼ ਦੇ ਵਿਦਿਆਰਥੀਆਂ ਲਈ **ਸਟੂਡੈਂਟ ਇੰਡਕਸ਼ਨ ਪ੍ਰੋਗਰਾਮ** ਦਾ ਆਯੋਜਨ ਕੀਤਾ ਗਿਆ। ਇਨ੍ਹਾਂ ਪ੍ਰੋਗਰਾਮਾਂ ਦੌਰਾਨ ਪ੍ਰਿੰਸੀਪਲ **ਡਾ. ਧਰਮਿੰਦਰ ਸਿੰਘ ਉੱਭਾ** ਵਿਦਿਆਰਥੀਆਂ ਨੂੰ ਸੰਬੋਧਿਤ ਹੋਏ।

ਮਿਤੀ 23 ਨਵੰਬਰ 2023 ਨੂੰ ਵਿਭਾਗ ਵੱਲੋਂ ਬੀ.ਏ. ਸੋਸ਼ਲ ਸਾਇੰਸਿਜ਼ ਵਿਭਾਗ ਨਾਲ ਸਾਂਝੇ ਤੌਰ 'ਤੇ ਮੁੱਖ ਚੋਣ ਅਫ਼ਸਰ ਪੰਜਾਬ ਦੀਆਂ ਹਦਾਇਤਾਂ ਤਹਿਤ **ਵੋਟਰ ਜਾਗਰੂਕਤਾ ਪ੍ਰੋਗਰਾਮ** ਆਯੋਜਿਤ ਕੀਤਾ ਗਿਆ। ਇਸ ਮੌਕੇ ਨੋਡਲ ਅਫ਼ਸਰ **ਸਵੀਪ ਤੇ** ਵਿਭਾਗ ਦੇ ਮੁਖੀ **ਡਾ. ਜਗਤਾਰ ਸਿੰਘ** ਨੇ ਵਿਦਿਆਰਥੀਆਂ ਨੂੰ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਲਈ ਜਾਗਰੂਕ ਕੀਤਾ। ਇਸ ਮੌਕੇ ਵਿਦਿਆਰਥੀਆਂ ਦੇ **ਭਾਸ਼ਣ ਕਲਾ ਮੁਕਾਬਲੇ** ਵੀ ਕਰਵਾਏ ਗਏ।

## 58. ਸਮਾਜ ਵਿਗਿਆਨ ਵਿਭਾਗ:

ਵਿਭਾਗ ਦੇ ਮੁਖੀ **ਪ੍ਰੋ. ਜਤਿੰਦਰ ਸਿੰਘ ਭੂਟਾਲ** ਦੀ ਦੇਖ-ਰੇਖ ਹੇਠ ਮਿਤੀ 06 ਸਤੰਬਰ 2023 ਨੂੰ **ਸਟੂਡੈਂਟ ਇੰਡਕਸ਼ਨ ਪ੍ਰੋਗਰਾਮ** ਆਯੋਜਿਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ **ਡਾ. ਧਰਮਿੰਦਰ ਸਿੰਘ ਉੱਭਾ** ਵਿਦਿਆਰਥੀਆਂ ਨੂੰ ਸੰਬੋਧਿਤ ਹੋਏ।

ਮਿਤੀ 20 ਮਾਰਚ 2024 ਨੂੰ ਵਿਦਿਆਰਥੀਆਂ ਦੀ **Status of Women** ਵਿਸ਼ੇ 'ਤੇ **ਡਿਬੇਟ** ਕਰਵਾਈ ਗਈ।

ਮਿਤੀ 16 ਅਪ੍ਰੈਲ 2024 ਨੂੰ ਬੀ.ਏ. ਸੋਸ਼ਲ ਸਾਇੰਸਿਜ਼ ਭਾਗ ਪਹਿਲਾ ਅਤੇ ਦੂਜਾ ਦੇ ਵਿਦਿਆਰਥੀਆਂ ਦਾ **ਕੁਇਜ਼ ਮੁਕਾਬਲਾ** ਆਯੋਜਿਤ ਕੀਤਾ ਗਿਆ।

## 59. ਪੋਸਟ ਗ੍ਰੈਜੂਏਟ ਅਰਥ ਸ਼ਾਸ਼ਤਰ ਵਿਭਾਗ:

ਵਿਭਾਗ ਦੇ ਮੁਖੀ **ਡਾ. ਨਿਸ਼ਾਨ ਸਿੰਘ** ਦੇ ਯਤਨਾਂ ਸਦਕਾ ਵਿਭਾਗ ਵੱਲੋਂ ਮਿਤੀ 23 ਅਗਸਤ 2023 ਨੂੰ **ਓਰੀਐਂਟੇਸ਼ਨ-ਕਮ-ਇੰਡਕਸ਼ਨ ਪ੍ਰੋਗਰਾਮ** ਆਯੋਜਿਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ **ਡਾ. ਧਰਮਿੰਦਰ ਸਿੰਘ ਉੱਭਾ,** ਵਾਇਸ ਪ੍ਰਿੰਸੀਪਲ **ਡਾ. ਹਰਵਿੰਦਰ ਕੌਰ,** ਐਂਟੀ ਰੈਗਿੰਗ ਸੈੱਲ ਦੇ ਕਨਵੀਨਰ **ਡਾ. ਰੂਬਲ ਬਰਾੜ** ਅਤੇ ਸਕਾਲਰਸ਼ਿਪ ਇੰਚਾਰਜ **ਪ੍ਰੋ. ਜਸਪ੍ਰੀਤ ਸਿੰਘ** ਸੰਬੋਧਿਤ ਹੋਏ।

ਮਿਤੀ 31 ਜਨਵਰੀ 2024 ਨੂੰ ਵਿਭਾਗ ਦੇ ਵਿਦਿਆਰਥੀਆਂ ਦੇ ਪੰਜਾਬੀ ਯੂਨੀਵਰਸਿਟੀ ਵਿਖੇ ਆਯੋਜਿਤ ਕੀਤੇ ਗਏ **ਪੁਸਤਕ ਅਤੇ ਸਾਹਿਤ ਉਤਸਵ 2024** ਵਿਚ **ਵਿਦਿਅਕ ਦੌਰੇ** ਦਾ ਆਯੋਜਨ ਕੀਤਾ ਗਿਆ।

ਮਿਤੀ 13 ਫ਼ਰਵਰੀ 2024 ਨੂੰ ਉੱਘੇ ਅਤੇ ਅਨੁਭਵੀ ਜਰਨਿਲਿਸਟ **ਸ. ਪਰਮਿੰਦਰ ਸਿੰਘ ਟਿਵਾਣਾ** ਦਾ **ਰੂ-ਬ-ਰੂ** ਪ੍ਰੋਗਰਾਮ ਆਯੋਜਿਤ ਕੀਤਾ ਗਿਆ।

ਮਿਤੀ 28 ਮਾਰਚ 2024 ਨੂੰ ਵਿਦਿਆਰਥੀਆਂ ਦਾ **Govt. Archeological Museum Sanghol** ਅਤੇ **Govt. Art and Museum Chandigarh** ਵਿਖੇ ਇੱਕ ਰੋਜ਼ਾ ਵਿਦਿਅਕ ਦੌਰਾ ਆਯੋਜਿਤ ਕੀਤਾ ਗਿਆ।

## 60. ਸਾਇਕਾਲੋਜੀ ਵਿਭਾਗ:

ਵਿਭਾਗ ਦੇ ਮੁਖੀ **ਪ੍ਰੋ. ਰਮਨਦੀਪ ਕੌਰ** ਦੇ ਯਤਨਾਂ ਸਦਕਾ ਮਿਤੀ 29 ਅਤੇ 30 ਮਾਰਚ 2024 ਨੂੰ ਵਿਦਿਆਰਥੀਆਂ ਦਾ **ਕਸੋਲ, ਹਿਮਾਚਲ ਪ੍ਰਦੇਸ਼** ਅਤੇ **ਗੁਰਦੁਆਰਾ ਮਨੀਕਰਨ ਸਾਹਿਬ** ਵਿਖੇ **ਦੋ ਰੋਜ਼ਾ ਵਿਦਿਅਕ** ਅਤੇ **ਧਾਰਮਿਕ ਦੌਰਾ** ਆਯੋਜਿਤ ਕੀਤਾ ਗਿਆ।

ਵਿਭਾਗ ਵੱਲੋਂ **01 ਲੈਕਚਰ** ਕਰਵਾਇਆ ਗਿਆ।

## 61. ਸੰਗੀਤ ਵਾਦਨ ਵਿਭਾਗ:

ਵਿਭਾਗ ਦੇ ਮੁਖੀ **ਡਾ. ਕੁਲਦੀਪ ਕੁਮਾਰ** ਦੀ ਦੇਖ-ਰੇਖ ਹੇਠ ਮਿਤੀ 28 ਅਗਸਤ 2023 ਨੂੰ **ਸਟੂਡੈਂਟ ਇੰਡਕਸ਼ਨ ਪ੍ਰੋਗਰਾਮ** ਆਯੋਜਿਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ **ਡਾ. ਧਰਮਿੰਦਰ ਸਿੰਘ**

**ਉੱਭਾ** ਨੇ ਵਿਦਿਆਰਥੀਆਂ ਨੂੰ ਕਾਲਜ ਬਾਰੇ ਜਾਣਕਾਰੀ ਦਿੰਦਿਆਂ ਸਹੀ ਜੀਵਨ ਜਿਊਣ ਲਈ ਦਿਸ਼ਾ-ਨਿਰਦੇਸ਼ ਦਿੱਤੇ। ਇਸ ਪ੍ਰੋਗਰਾਮ ਦੌਰਾਨ ਬੀ.ਏ. ਭਾਗ ਪਹਿਲਾ ਦੇ ਵਿਦਿਆਰਥੀਆਂ ਨੂੰ ਕਾਲਜ ਦੇ ਵਾਤਾਵਰਣ, ਕੰਟੀਨ, ਲਾਇਬ੍ਰੇਰੀ ਆਦਿ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਉਨ੍ਹਾਂ ਦੀ ਬੀ.ਏ. ਭਾਗ ਦੂਜਾ ਅਤੇ ਬੀ.ਏ. ਭਾਗ ਤੀਜਾ ਦੇ ਵਿਦਿਆਰਥੀਆਂ ਨਾਲ ਵੀ ਜਾਣ ਪਛਾਣ ਕਰਵਾਈ ਗਈ। ਇਸ ਮੌਕੇ ਵਿਦਿਆਰਥੀਆਂ ਨੇ ਸੰਗੀਤ ਦੀਆਂ ਵੱਖ-ਵੱਖ ਪੇਸ਼ਕਾਰੀਆਂ ਕੀਤੀਆਂ।

## 62. ਪੋਸਟ ਗ੍ਰੈਜੂਏਟ ਸੰਗੀਤ ਗਾਇਨ ਵਿਭਾਗ:

ਵਿਭਾਗ ਦੇ ਮੁਖੀ **ਡਾ.ਜਗਜੀਤ ਸਿੰਘ** ਦੇ ਯਤਨਾਂ ਸਦਕਾ ਇਸ ਸੈਸ਼ਨ ਦੌਰਾਨ **ਹਰ ਮਹੀਨੇ ਸੰਗਰਾਂਦ ਦੇ ਦਿਨ** ਵਿਭਾਗ ਵੱਲੋਂ **ਇਲਾਹੀ ਬਾਣੀ ਦੇ ਕੀਰਤਨ** ਕੀਤੇ ਗਏ।

ਮਿਤੀ 05 ਸਤੰਬਰ 2023 ਨੂੰ **ਸਟੂਡੈਂਟ ਇੰਡਕਸ਼ਨ** ਅਤੇ **ਟੈਲੈਂਟ ਹੰਟ ਪ੍ਰੋਗਰਾਮ** ਦਾ ਆਯੋਜਨ ਕੀਤਾ ਗਿਆ।

ਮਿਤੀ 19 ਮਾਰਚ 2024 ਨੂੰ **Rising Star of Khalsa College** ਵਿਸ਼ੇ 'ਤੇ **ਮੁਕਾਬਲਾ** ਆਯੋਜਿਤ ਕੀਤਾ ਗਿਆ।

## 63. ਗਣਿਤ ਵਿਭਾਗ:

ਵਿਭਾਗ ਦੇ ਮੁਖੀ **ਡਾ. ਗੁਰਮੀਤ ਸਿੰਘ** ਦੇ ਯਤਨਾਂ ਸਦਕਾ ਮਿਤੀ 06 ਸਤੰਬਰ 2023 ਨੂੰ **ਸਟੂਡੈਂਟ ਇੰਡਕਸ਼ਨ ਪ੍ਰੋਗਰਾਮ** ਆਯੋਜਿਤ ਕੀਤਾ ਗਿਆ।

ਮਿਤੀ 21 ਨਵੰਬਰ 2023 ਨੂੰ ਵਿਭਾਗ ਵੱਲੋਂ **ਕੁਇਜ਼** ਮੁਕਾਬਲਾ ਆਯੋਜਿਤ ਕੀਤਾ ਗਿਆ।

ਮਿਤੀ 19 ਫ਼ਰਵਰੀ ਤੋਂ 24 ਫ਼ਰਵਰੀ 2024 ਤੱਕ ਅਕਾਲ ਯੂਨੀਵਰਸਿਟੀ ਤਲਵੰਡੀ ਸਾਬੋ ਵਿਖੇ ਆਯੋਜਿਤ ਕੀਤੀ ਗਈ ਗਤੀਵਿਧੀ **Initiation into Mathematics, organised under the aegis of MTTS Trust founded by National Board for Higher Mathematics** ਵਿੱਚ ਬੀ.ਐੱਸਸੀ. ਆਨਰਜ਼ ਮੈਥੇਮੈਟਿਕਸ ਭਾਗ ਦੂਜਾ ਦੇ ਵਿਦਿਆਰਥੀ **ਆਰਯਨ ਖੰਨਾ** ਨੇ ਭਾਗ ਲਿਆ।

## 64. ਥੀਏਟਰ ਸਟੱਡੀਜ਼ ਵਿਭਾਗ:

ਵਿਭਾਗ ਦੇ ਮੁਖੀ **ਡਾ. ਵੰਦਨਾ ਕਪੂਰ** ਦੀ ਦੇਖ-ਰੇਖ ਹੇਠ ਮਿਤੀ 25 ਅਗਸਤ 2023 ਨੂੰ ਵਿਭਾਗ ਦੇ ਵਿਦਿਆਰਥੀਆਂ ਨੇ ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਵਿਖੇ **ਜ਼ਿੰਦਗੀ ਦੇ ਰੰਗ** ਨਾਂ ਦੇ **ਨਾਟਕ** ਦੀ ਪੇਸ਼ਕਾਰੀ ਕੀਤੀ ਅਤੇ ਦੂਜਾ ਸਥਾਨ ਹਾਸਲ ਕੀਤਾ। ਮਿਤੀ 02 ਤੋਂ 03 ਫ਼ਰਵਰੀ 2024 ਨੂੰ ਖ਼ਾਲਸਾ ਕਾਲਜ ਪਟਿਆਲਾ ਵਿਖੇ ਆਯੋਜਿਤ ਕੀਤੇ ਗਏ **ਮਿਲਟਰੀ ਲਿਟਰੇਚਰ ਫੈਸਟੀਵਲ** ਦੌਰਾਨ ਵਿਦਿਆਰਥੀਆਂ ਨੇ **ਮੈਂ ਪੰਜਾਬ ਬੋਲਦਾ** ਨੁੱਕੜ ਨਾਟਕ ਦੀ ਪੇਸ਼ਕਾਰੀ ਕੀਤੀ।

ਵਿਭਾਗ ਦੁਆਰਾ **01 ਵਰਕਸ਼ਾਪ** ਲਗਾਈ ਗਈ।

## 65. ਪਬਲਿਕ ਐਡਮਨਿਸਟ੍ਰੇਸ਼ਨ ਵਿਭਾਗ/ਡਿਫੈਂਸ ਸਟੱਡੀਜ਼ ਵਿਭਾਗ:

ਉਪਰੋਕਤ ਵਿਭਾਗਾਂ ਦੇ ਮੁਖੀ **ਪ੍ਰੋ. ਪੁਨਮਦੀਪ ਸਿੰਘ** ਅਤੇ **ਪ੍ਰੋ. ਬਲਦੇਵ ਸਿੰਘ** ਦੇ ਯਤਨਾਂ ਸਦਕਾ ਵਿਭਾਗਾਂ ਵੱਲੋਂ ਇਸ ਸੈਸ਼ਨ ਦੌਰਾਨ ਧਰਮ ਅਧਿਐਨ ਵਿਭਾਗ ਦੇ ਸਹਿਯੋਗ ਨਾਲ **ਸਟੂਡੈਂਟ ਇੰਡਕਸ਼ਨ ਪ੍ਰੋਗਰਾਮ** ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ **ਡਾ. ਧਰਮਿੰਦਰ ਸਿੰਘ ਉੱਭਾ** ਨੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ।

## 66. ਪੀ.ਜੀ. ਡਿਪਾਰਟਮੈਂਟ ਆਫ਼ ਜੌਗਰਫ਼ੀ ਐਂਡ ਇਨਵਾਇਰਮੈਂਟ ਸਾਇੰਸ:

ਵਿਭਾਗ ਦੇ ਮੁਖੀ **ਡਾ. ਗੋਰਖ ਸਿੰਘ** ਦੇ ਯਤਨਾਂ ਸਦਕਾ ਮਿਤੀ 11 ਅਪ੍ਰੈਲ 2024 ਨੂੰ **KSS-Institute for Spatial Planning and Environment Research Panchkula** ਵਿਖੇ ਅੰਤਰ ਰਾਸ਼ਟਰੀ ਪੱਧਰ 'ਤੇ ਆਯੋਜਿਤ ਕੀਤੇ ਗਏ **ਜੋਗਰਫ਼ੀ ਕੁਇਜ਼ ਮੁਕਾਬਲੇ** ਵਿੱਚ ਵਿਭਾਗ ਦੇ ਤਿੰਨ ਵਿਦਿਆਰਥੀ– **ਵਿਕਰਮਜੀਤ ਸਿੰਘ, ਅਮਰਦੀਪ ਕੌਰ** ਅਤੇ **ਰੀਆ ਰਠੌਰ** ਨੇ **ਪਹਿਲਾ ਸਥਾਨ** ਹਾਸਲ ਕੀਤਾ।

## 67. ਬੀ.ਵਾਕ. ਆਟੋਮੋਬਾਇਲ ਵਿਭਾਗ:

ਵਿਭਾਗ ਦੇ ਇੰਚਾਰਜ **ਪ੍ਰੋ. ਨਵਦੀਪ ਸਿੰਘ** ਦੇ ਯਤਨਾਂ ਸਦਕਾ ਮਿਤੀ 12 ਅਕਤੂਬਰ 2023 ਨੂੰ **ਸਟੂਡੈਂਟ ਇੰਡਕਸ਼ਨ ਪ੍ਰੋਗਰਾਮ** ਆਯੋਜਿਤ ਕੀਤਾ ਗਿਆ।

## 68. ਬੀ.ਵਾਕ ਫ਼ੂਡ ਪ੍ਰੋਸੈਸਿੰਗ ਐਂਡ ਇੰਜਨੀਅਰਿੰਗ ਵਿਭਾਗ:

ਬੀ.ਵਾਕ. ਫ਼ੂਡ ਪ੍ਰੋਸੈਸਿੰਗ ਅਤੇ ਇੰਜਨੀਅਰਿੰਗ ਕੋਰਸ ਦੇ ਇੰਚਾਰਜ **ਡਾ. ਰੋਜ਼ੀ ਬਾਂਸਲ** ਦੇ ਯਤਨਾਂ ਸਦਕਾ ਵਿਭਾਗ ਵੱਲੋਂ ਮਿਤੀ 23 ਅਗਸਤ 2023 ਨੂੰ ਸਿਹਤ ਅਤੇ ਸੁਰੱਖਿਆ ਵਧਾਉਣ ਲਈ **ਵਿਸ਼ੇਸ਼ ਹੱਥ ਸਫ਼ਾਈ ਜਾਗਰੂਕਤਾ ਗਤੀਵਿਧੀ** ਦਾ ਆਯੋਜਨ ਕੀਤਾ ਗਿਆ ਜਿਸ ਦੌਰਾਨ **NIB** ਦੇ ਮਾਹਿਰ ਟ੍ਰੇਨਰਾਂ ਨੇ ਵਿਦਿਆਰਥੀਆਂ ਨੂੰ **ਹੱਥਾਂ ਦੀ ਚੰਗੀ ਸਫ਼ਾਈ ਬਣਾਈ ਰੱਖਣ ਦੇ ਮਹੱਤਵ** ਅਤੇ **ਹੱਥ ਧੋਣ ਦੇ ਪ੍ਰਭਾਵਸ਼ਾਲੀ ਅਭਿਆਸਾਂ** ਬਾਰੇ ਜਾਣਕਾਰੀ ਦਿੱਤੀ।

ਮਿਤੀ 05 ਸਤੰਬਰ 2023 ਨੂੰ ਵਿਭਾਗ ਵੱਲੋਂ **ਸਟੂਡੈਂਟ ਇੰਡਕਸ਼ਨ ਪ੍ਰੋਗਰਾਮ** ਆਯੋਜਿਤ ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ ਨੂੰ ਫ਼ੂਡ ਪ੍ਰੋਸੈਸਿੰਗ ਦੇ ਦਾਇਰੇ ਤੋਂ ਜਾਣੂ ਕਰਵਾਇਆ ਗਿਆ।

ਮਿਤੀ 20 ਮਾਰਚ 2024 ਨੂੰ ਵਿਭਾਗ ਵੱਲੋਂ ਡਾ. ਗੰਡਾ ਸਿੰਘ ਕਰੀਅਰ ਗਾਈਡੈਂਸ, ਕਾਊਂਸਲਿੰਗ ਐਂਡ ਪਲੇਸਮੈਂਟ ਸੈੱਲ ਨਾਲ ਸਾਂਝੇ ਤੌਰ 'ਤੇ **ਫ੍ਰੋਜ਼ਨ ਫ਼ੂਡਜ਼** ਅਤੇ **ਫ਼ੂਡ ਪੈਕੇਜਿੰਗ** ਵਿਸ਼ੇ 'ਤੇ **ਉਦਯੋਗ ਮੁਖੀ ਹੁਨਰ ਸਿਖਲਾਈ** ਦਾ ਆਯੋਜਨ ਕੀਤਾ ਗਿਆ।

ਮਿਤੀ 06 ਅਪ੍ਰੈਲ 2024 ਨੂੰ ਵਿਭਾਗ ਵੱਲੋਂ ਵਿਦਿਆਰਥੀਆਂ ਦੇ ਕਸੋਲੀ ਦੇ **ਦੌਰੇ** ਦਾ ਆਯੋਜਨ ਕੀਤਾ ਗਿਆ।

ਵਿਭਾਗ ਵੱਲੋਂ **02 ਵਰਕਸ਼ਾਪ** ਲਗਾਈਆਂ ਗਈਆਂ।

ਵਿਭਾਗ ਵੱਲੋਂ **02 ਲੈਕਚਰ** ਕਰਵਾਏ ਗਏ।

## 69. ਗੁਰਮਤਿ ਸੁਸਾਇਟੀ ਅਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ:

ਗੁਰਮਤਿ ਸੁਸਾਇਟੀ ਅਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਕਨਵੀਨਰ **ਡਾ. ਦਵਿੰਦਰ ਸਿੰਘ** ਦੀ ਸੁਚੱਜੀ ਦੇਖ-ਰੇਖ ਅਧੀਨ ਇਸ ਸੁਸਾਇਟੀ ਅਤੇ ਸਰਕਲ ਵੱਲੋਂ **ਕਾਲਜ ਦੇ ਗੁਰਦੁਆਰਾ ਸਾਹਿਬ** ਵਿਖੇ ਹਰ ਮਹੀਨੇ **ਸੰਗਰਾਂਦ** ਦਾ ਦਿਹਾੜਾ ਮਨਾਇਆ ਗਿਆ। ਇਨ੍ਹਾਂ ਸ਼ੁਭ ਅਵਸਰਾਂ 'ਤੇ **ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ** ਜੀ ਦੇ **ਸਹਿਜ ਪਾਠ** ਦੇ ਭੋਗ ਪਾਏ ਗਏ ਅਤੇ **ਇਲਾਹੀ ਬਾਣੀ** ਦੇ **ਕੀਰਤਨ** ਕੀਤੇ ਗਏ। ਇਸ ਮੌਕੇ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਨੇ ਸੰਗਤੀ ਰੂਪ ਵਿੱਚ ਹਾਜ਼ਰੀ ਭਰੀ।

## 70. ਇੰਗਲਿਸ਼ ਲਿਟਰੇਰੀ ਸੁਸਾਇਟੀ:

ਅੰਗ੍ਰੇਜ਼ੀ ਵਿਭਾਗ ਦੇ ਮੁਖੀ **ਪ੍ਰੋ. ਜਸਪ੍ਰੀਤ ਕੌਰ** ਦੀ ਦੇਖ-ਰੇਖ ਹੇਠ ਚੱਲ ਰਹੀ ਇੰਗਲਿਸ਼ ਲਿਟਰੇਰੀ ਸੁਸਾਇਟੀ ਦੁਆਰਾ ਵੱਖ-ਵੱਖ ਗਤੀਗਿਵਧੀਆਂ ਕਰਵਾਈਆਂ ਗਈਆਂ। ਸੁਸਾਇਟੀ ਦੇ ਕਨਵੀਨਰ **ਡਾ. ਰੂਬਲ ਬਰਾੜ** ਦੇ ਯਤਨਾਂ ਸਦਕਾ ਮਿਤੀ 01 ਨਵੰਬਰ 2023 ਨੂੰ **Constituting Meeting** ਦਾ ਆਯੋਜਨ ਕੀਤਾ ਗਿਆ ਜਿਸ ਵਿੱਚ 411 ਵਿਦਿਆਰਥੀਆਂ ਨੂੰ **Enroll** ਕੀਤਾ ਗਿਆ ਅਤੇ **ਅਹੁੱਦੇਦਾਰਾਂ ਦੀ ਚੋਣ** ਕੀਤੀ ਗਈ।

ਮਿਤੀ 21-29 ਫ਼ਰਵਰੀ 2024 ਤੱਕ **17th Annual English Literature Fest** ਆਯੋਜਿਤ ਕੀਤਾ ਗਿਆ ਜਿਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਅੰਦਰ ਅੰਗ੍ਰੇਜ਼ੀ, ਭਾਸ਼ਾ ਅਤੇ ਸਾਹਿਤ ਦੇ ਸੁਚਾਰੂ ਪ੍ਰਗਟਾਵੇ ਲਈ **ਸਕਿੱਲਜ਼** ਨੂੰ ਵਿਕਸਿਤ ਕਰਨਾ ਸੀ।

ਸੁਸਾਇਟੀ ਵੱਲੋਂ **01 ਸੈਮੀਨਾਰ** ਕਰਵਾਇਆ ਗਿਆ।

ਸੁਸਾਇਟੀ ਵੱਲੋਂ **02 ਵਰਕਸ਼ਾਪਾਂ** ਲਗਾਈਆਂ ਗਈਆਂ।

## 71. ਗਰੀਵੈਂਸ ਸੈੱਲ:

**ਡਾ. ਭਰਤ ਗੋਇਲ** ਦੀ ਦੇਖ-ਰੇਖ ਹੇਠ ਚੱਲ ਰਹੇ ਗਰੀਵੈਂਸ ਸੈੱਲ ਦੁਆਰਾ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਅਤੇ ਸੁਝਾਵਾਂ ਨੂੰ ਸੁਣਿਆ ਗਿਆ ਅਤੇ ਪ੍ਰਿੰਸੀਪਲ ਸਾਹਿਬ ਨੂੰ ਇਨ੍ਹਾਂ ਤੋਂ ਜਾਣੂ ਕਰਵਾਇਆ ਗਿਆ। ਪ੍ਰਿੰਸੀਪਲ ਸਾਹਿਬ ਨੇ ਇਨ੍ਹਾਂ **ਪਹੁੰਚੀਆਂ ਹੋਈਆਂ ਸ਼ਿਕਾਇਤਾਂ ਅਤੇ ਸੁਝਾਵਾਂ ਦੇ ਹੱਲ ਸਬੰਧੀ ਲੋੜੀਂਦੀ ਕਾਰਵਾਈ** ਕੀਤੀ ਗਈ।

## 72. ਪੀ.ਟੀ.ਏ. ਸੈੱਲ:

ਪੀ.ਟੀ.ਏ. ਸੈੱਲ ਦੇ ਕਨਵੀਨਰ **ਡਾ. ਅੰਜੂ ਖੁੱਲਰ** ਦੇ ਯਤਨਾਂ ਸਦਕਾ ਮਿਤੀ 08 ਨਵੰਬਰ 2023 ਨੂੰ **ਆਨਲਾਈਨ/ਆਫ਼ਲਾਈਨ ਵਿਧੀ** ਰਾਹੀਂ **ਪੇਰੈਂਟਸ ਟੀਚਰਜ਼ ਐਸੋਸੀਏਸ਼ਨ ਮੀਟਿੰਗ** ਕਰਵਾਈ ਗਈ।

ਮਿਤੀ 05 ਅਪ੍ਰੈਲ 2024 ਨੂੰ **ਆਨਲਾਈਨ/ਆਫ਼ਲਾਈਨ ਵਿਧੀ ਰਾਹੀਂ** ਦੂਜੀ **ਪੇਰੈਂਟਸ ਟੀਚਰਜ਼ ਐਸੋਸੀਏਸ਼ਨ ਮੀਟਿੰਗ** ਕਰਵਾਈ ਗਈ। ਦੋਵਾਂ ਮੀਟਿੰਗਾਂ ਵਿੱਚ ਵੱਡੀ ਗਿਣਤੀ ਵਿੱਚ ਮਾਪਿਆਂ ਨੇ ਭਾਗ ਲਿਆ। **ਫ਼ੀਡਬੈਕ ਫ਼ਾਰਮ** ਭਰੇ ਗਏ ਅਤੇ ਮਾਪਿਆਂ ਦੁਆਰਾ ਸੁਝਾਅ ਵੀ ਦਿੱਤੇ ਗਏ। ਇਨ੍ਹਾਂ ਮੀਟਿੰਗਾਂ ਦੌਰਾਨ ਵਿਦਿਆਰਥੀਆਂ ਦੇ ਮਾਪਿਆਂ ਨੂੰ ਉਨ੍ਹਾਂ ਦੇ ਬੱਚਿਆਂ ਦੇ **ਮਿੱਡ ਸਮੈਸਟਰ ਇਮਤਿਹਾਨਾਂ ਦੇ ਅੰਕਾਂ, ਲੈਕਚਰਾਂ, ਕਲਾਸਾਂ ਵਿੱਚ ਕਾਰਗੁਜ਼ਾਰੀ** ਅਤੇ **ਵਿਦਿਆਰਥੀਆਂ ਦੀ ਬਹੁ-ਪੱਖੀ ਸ਼ਖ਼ਸ਼ੀਅਤ ਉਸਾਰੀ** ਵਾਸਤੇ ਕਾਲਜ ਵਿੱਚ ਵੱਖ-ਵੱਖ ਵਿਧੀਆਂ ਰਾਹੀਂ ਕਰਵਾਈਆਂ ਜਾਣ ਵਾਲੀਆਂ **ਸਹਿ-ਵਿੱਦਿਅਕ ਗਤੀਵਿਧੀਆਂ** ਬਾਰੇ ਜਾਣਕਾਰੀ ਦਿੱਤੀ ਗਈ।

## 73. ਐਂਟੀਰੈਗਿੰਗ ਸੈੱਲ:

ਐਂਟੀ ਰੈਗਿੰਗ ਸੈੱਲ ਦੇ ਕਨਵੀਨਰ **ਡਾ. ਰੂਬਲ ਬਰਾੜ** ਦੇ ਯਤਨਾਂ ਸਦਕਾ ਇਸ ਸੈੱਲ ਵੱਲੋਂ ਵੱਖ-ਵੱਖ ਗਤੀਗਿਧੀਆਂ ਕਰਵਾਈਆਂ ਗਈਆਂ।

ਮਿਤੀ 21 ਅਗਸਤ 2023 ਤੋਂ 25 ਸਤੰਬਰ 2023 ਤੱਕ ਵੱਖ-ਵੱਖ ਵਿਭਾਗਾਂ ਦੁਆਰਾ ਆਯੋਜਿਤ ਕੀਤੇ ਗਏ **ਸਟੂਡੈਂਟ ਇੰਡਕਸ਼ਨ ਪ੍ਰੋਗਰਾਮ** ਦੌਰਾਨ ਐਂਟੀ ਰੈਗਿੰਗ ਸੈੱਲ ਦੇ ਮੈਂਬਰ ਸਾਹਿਬਾਨਾਂ ਨੇ ਵਿਦਿਆਰਥੀਆਂ ਨੂੰ ਰੈਗਿੰਗ ਪ੍ਰਤੀ ਸੁਚੇਤ ਕੀਤਾ ਅਤੇ ਐਂਟੀ ਰੈਗਿੰਗ ਸੈੱਲ ਦੀਆਂ ਗਤੀਗਿਵਧੀਆਂ ਬਾਰੇ ਜਾਣਕਾਰੀ ਦਿੱਤੀ। ਐਂਟੀ ਰੈਗਿੰਗ ਸੈੱਲ ਦੀ **Zero Tolerance Policy** ਬਾਰੇ ਵੀ ਜਾਣਕਾਰੀ ਦਿੱਤੀ ਗਈ।

ਮਿਤੀ 15 ਫ਼ਰਵਰੀ 2024 ਨੂੰ ਇਸ ਸੈੱਲ ਵੱਲੋਂ **Creating Safe Spaces: Say No To Ragging** ਵਿਸ਼ੇ 'ਤੇ **ਪੋਸਟਰ ਮੇਕਿੰਗ ਮੁਕਾਬਲੇ** ਦਾ ਆਯੋਜਨ ਕੀਤਾ ਗਿਆ।

## 74. ਆਈ.ਕਿਊ.ਏ.ਸੀ:

ਆਈ.ਕਿਊ.ਏ.ਸੀ. ਦੇ ਕੋਆਰਡੀਨੇਟਰ **ਡਾ. ਰਵਿੰਦਰਜੀਤ ਸਿੰਘ** ਦੇ ਯਤਨਾਂ ਸਦਕਾ ਇਸ ਸੈਸ਼ਨ ਦੌਰਾਨ ਸੈੱਲ ਵੱਲੋਂ ਵੱਖ-ਵੱਖ ਕੋਰਸਾਂ ਦੇ ਵਿਕਾਸ, ਕਾਲਜ ਦੀਆਂ ਹੋਰ ਅਕਾਦਮਿਕ ਅਤੇ ਪ੍ਰਬੰਧਕੀ ਗਤੀਵਿਧੀਆਂ ਲਈ ਗੁਣਵੱਤਾ ਦੇ ਮਾਪਦੰਡਾਂ ਨੂੰ ਵਿਕਸਿਤ ਅਤੇ ਲਾਗੂ ਕੀਤਾ ਗਿਆ। ਇਸ ਸੈੱਲ ਵੱਲੋਂ ਵੱਖ-ਵੱਖ ਉਦਯੋਗਿਕ ਅਤੇ ਵਿੱਦਿਅਕ ਸੰਸਥਾਵਾਂ ਨਾਲ ਸਮਝੌਤਾ ਪੱਤਰ 'ਤੇ ਹਸਤਾਖ਼ਰ ਕਰਨ ਲਈ ਉਪਰਾਲੇ ਕੀਤੇ ਗਏ।

ਇਸ ਸੈੱਲ ਵੱਲੋਂ **02 ਸੈਮੀਨਾਰ** ਕਰਵਾਏ ਗਏ।

ਇਸ ਸੈੱਲ ਵੱਲੋਂ **02 ਟ੍ਰੇਨਿੰਗ ਪ੍ਰੋਗਰਾਮ** ਕਰਵਾਏ ਗਏ।

ਇਸ ਸੈੱਲ ਵੱਲੋਂ **01 ਫਕੈਲਟੀ ਡਿਵੈਲਪਮੈਂਟ ਪ੍ਰੋਗਰਾਮ** ਕਰਵਾਇਆ ਗਿਆ।

## 75. ਓ.ਐੱਸ.ਏ:

ਓ.ਐਸ.ਏ. ਦੇ ਡੀਨ **ਡਾ. ਬਲਵੀਰ ਕੌਰ** ਅਤੇ ਕਨਵੀਨਰ **ਡਾ. ਮੰਜੂ ਮਿੱਤਲ** ਦੇ ਯਤਨਾਂ ਸਦਕਾ ਮਿਤੀ 27 ਸਤੰਬਰ 2023 ਨੂੰ ਐਕਸਟੈਂਸ਼ਨ ਐਕਟੀਵਿਟੀਜ਼ ਤਹਿਤ ਵਿੱਤੀ ਸਾਖਰਤਾ 'ਤੇ ਇੰਟਰਐਕਟਿਵ ਸੈਸ਼ਨ ਦਾ ਆਯੋਜਨ ਕੀਤਾ ਗਿਆ ਜਿਸ ਦੌਰਾਨ HNI ਲੀਲਾ ਭਵਨ ਸ਼ਾਖਾ ਐਸ.ਬੀ.ਆਈ. ਦੇ ਬ੍ਰਾਂਚ ਮੈਨੇਜਰ **ਸ੍ਰੀ ਅਮਿਤ ਗਰਗ** ਨੇ ਮੁੱਖ ਸਪੀਕਰ ਵਜੋਂ ਸ਼ਿਰਕਤ ਕੀਤੀ।

ਮਿਤੀ 19 ਮਾਰਚ 2024 ਨੂੰ **ਸੁਹਿਰਦ ਵਿਦਿਆਰਥੀਆਂ ਤੋਂ ਸਫ਼ਲ ਅਧਿਆਪਕਾਂ** ਤੱਕ ਵਿਸ਼ੇ 'ਤੇ ਇੰਟਰਐਕਟਿਵ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਜਿਸ ਦੌਰਾਨ ਕਾਲਜ ਦੇ ਸਾਬਕਾ ਵਿਦਿਆਰਥੀਆਂ ਨੇ ਆਪਣੇ ਅਨੁਭਵ ਸਾਂਝੇ ਕੀਤੇ।

ਮਿਤੀ 12 ਅਪ੍ਰੈਲ 2024 ਨੂੰ ਵੈਸਟਰਨ ਪ੍ਰੀਮੀਅਮ ਐਮ.ਫੋਰ. ਹੋਟਲ, ਦੁਬਈ ਵਿਖੇ **ਅੰਤਰਰਾਸ਼ਟਰੀ ਕਾਊਂਸਲਿੰਗ ਸੈਸ਼ਨ** ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ **ਅਲ ਸਲਾਮ ਡੀਜ਼ਲ ਫ਼ਿਊਲ ਟ੍ਰੇਨਿੰਗ ਦੁਬਈ** ਵਿੱਚ ਡੇਟਾ ਐਗਜ਼ੀਕਿਊਟਿਵ ਵਜੋਂ ਕੰਮ ਕਰ ਰਹੀ ਕਾਲਜ ਦੀ ਸਾਬਕਾ ਵਿਦਿਆਰਥਣ **ਰਮਨਦੀਪ ਕੌਰ** ਨੇ **ਮੁੱਖ ਸਲਾਹਕਾਰ** ਦੇ ਤੌਰ 'ਤੇ ਸ਼ਿਰਕਤ ਕੀਤੀ।

ਮਿਤੀ 24 ਅਪ੍ਰੈਲ 2024 ਨੂੰ ਕਾਲਜ ਦੇ ਸਾਬਕਾ ਵਿਦਿਆਰਥੀ **ਸ੍ਰ. ਦਰਸ਼ਨ ਸਿੰਘ ਧਾਲੀਵਾਲ** ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੇ **ਦਸਤਕ-24 ਪੇਂਟਿੰਗ ਈਵੈਂਟ** ਵਿੱਚ ਵੀ ਸ਼ਿਰਕਤ ਕੀਤੀ।

ਮਿਤੀ 30 ਮਈ 2024 ਨੂੰ ਕਾਲਜ ਦੀ ਸਾਬਕਾ ਵਿਦਿਆਰਥਣ 2020 ਬੈਚ ਅਤੇ ਵਰਤਮਾਨ ਸਮੇਂ ਦੀ ਉਦਯੋਗਪਤੀ **ਸ਼੍ਰੀਮਤੀ ਸਿਮਰਨ ਕੌਰ** ਨੂੰ ਸਨਮਾਨਿਤ ਕੀਤਾ ਅਤੇ ਐਸੋਸੀਏਸ਼ਨ ਦੀ **ਲਾਈਫ਼ ਮੈਂਬਰ** ਬਣਾਇਆ।

ਵਿਭਾਗ ਵੱਲੋਂ **01 ਲੈਕਚਰ** ਕਰਵਾਇਆ ਗਿਆ।

## 76. ਵਿਦਿਆਰਥੀ ਭਲਾਈ ਕਮੇਟੀ (ਲੜਕੀਆਂ) ਅਤੇ ਨੰਨ੍ਹੀ ਛਾਂ ਸੈੱਲ:

**ਡਾ. ਰਾਜਵਿੰਦਰ ਕੌਰ,** ਡੀਨ ਅਤੇ ਕਨਵੀਨਰ ਵਿਦਿਆਰਥੀ ਭਲਾਈ ਕਮੇਟੀ (ਲੜਕੀਆਂ) ਅਤੇ **ਡਾ. ਪੁਸ਼ਪਿੰਦਰ ਕੌਰ,** ਕਨਵੀਨਰ ਨੰਨ੍ਹੀ ਛਾਂ ਸੈੱਲ ਦੀ ਸੁਚੱਜੀ ਦੇਖ-ਰੇਖ ਹੇਠ ਮਿਤੀ 25 ਸਤੰਬਰ 2023 ਨੂੰ ਕਾਲਜ ਵਿੱਚ ਪਹਿਲੇ ਸਾਲ ਦਾਖ਼ਲਾ ਲੈਣ ਵਾਲੀਆਂ ਸਮੂਹ ਵਿਦਿਆਰਥਣਾਂ ਲਈ **ਇੰਡਕਸ਼ਨ ਪ੍ਰੋਗਰਾਮ** ਦਾ ਆਯੋਜਨ ਕੀਤਾ ਗਿਆ। ਪ੍ਰਿੰਸੀਪਲ **ਡਾ. ਧਰਮਿੰਦਰ ਸਿੰਘ ਉੱਭਾ** ਨੇ ਵਿਦਿਆਰਥਣਾਂ ਨੂੰ ਕਾਲਜ ਕੈਂਪਸ ਸਬੰਧੀ ਜਾਣਕਾਰੀ ਦਿੱਤੀ ਅਤੇ ਸਖ਼ਤ ਮਿਹਨਤ ਦੁਆਰਾ ਅੱਗੇ ਵੱਧਣ ਲਈ ਪ੍ਰੇਰਿਤ ਕੀਤਾ।

ਇਸ ਸੈੱਲ ਅਤੇ ਕਮੇਟੀ ਵੱਲੋਂ ਇਸ ਸੈਸ਼ਨ ਦੌਰਾਨ **04 ਵਿਸ਼ੇਸ਼ ਦਿਵਸ** ਮਨਾਏ ਗਏ। ਪਹਿਲਾ ਮਿਤੀ 11 ਅਕਤੂਬਰ 2023 ਨੂੰ **ਇੰਟਰਨੈਸ਼ਨਲ ਡੇ ਆਫ਼ ਦ ਗਰਲ ਚਾਇਲਡ,** ਦੂਸਰਾ ਮਿਤੀ 18 ਜਨਵਰੀ 2024 ਨੂੰ **ਬੇਟੀ ਬਚਾਓ ਬੇਟੀ ਪੜ੍ਹਾਓ ਦਿਵਸ**, ਤੀਜਾ ਮਿਤੀ 24 ਜਨਵਰੀ 2024 ਨੂੰ **ਨਾਰੀ ਸਸ਼ਕਤੀਕਰਣ ਦਿਵਸ** ਅਤੇ ਚੌਥਾ ਮਿਤੀ 27 ਫ਼ਰਵਰੀ 2024 ਨੂੰ **ਅੰਤਰਰਾਸ਼ਟਰੀ ਨਾਰੀ ਦਿਵਸ** ਮਨਾਇਆ ਗਿਆ।

ਇਸ ਸੈੱਲ ਅਤੇ ਕਮੇਟੀ ਵੱਲੋਂ ਮਿਤੀ 22 ਮਾਰਚ 2024 ਨੂੰ ਵਿਦਿਆਰਥੀਆਂ ਵਾਸਤੇ ਕਾਲਜ ਪੱਧਰੀ **ਇੱਕ ਰੋਜ਼ਾ ਆਰਟਿਸਟਰੀ ਵਰਕਸ਼ਾਪ** ਦਾ ਆਯੋਜਨ ਕੀਤਾ ਗਿਆ।

## 77. ਜੈਂਡਰ ਚੈਂਪੀਅਨਜ਼:

ਇਸ ਸੈੱਲ ਅਤੇ ਕਮੇਟੀ ਦੁਆਰਾ ਸੈਸ਼ਨ ਦੇ ਆਰੰਭ ਵਿੱਚ **ਜੈਂਡਰ ਚੈਂਪੀਅਨਜ਼ ਦੀ ਚੋਣ** ਅਤੇ **ਕਾਰਗੁਜ਼ਾਰੀ ਵਾਸਤੇ ਨੋਡਲ ਅਫ਼ਸਰ** ਬਣਾਏ ਗਏ ਜਿਨ੍ਹਾਂ ਦੀ ਸੁਚੱਜੀ ਦੇਖ-ਰੇਖ ਹੇਠ ਵੱਖ-ਵੱਖ ਫੈਕਲਟੀ ਦੇ **ਜੈਂਡਰ ਚੈਂਪੀਅਨ- ਆਰਟਸ ਵਿਭਾਗ** ਦੇ **ਹਰਮਨਜੋਤ ਸਿੰਘ** ਅਤੇ **ਆਸ਼ੀ, ਸਾਇੰਸ ਵਿਭਾਗ** ਦੇ **ਜਸ਼ਨਦੀਪ ਸਿੰਘ** ਅਤੇ **ਹਰਮਨਪ੍ਰੀਤ ਕੌਰ, ਕਾਮਰਸ ਵਿਭਾਗ** ਦੇ **ਈਸ਼ਾ ਰਾਨੀ, ਮੈਥੇਮੈਟਿਕਸ ਵਿਭਾਗ** ਦੇ **ਆਰੀਅਨ ਖੰਨਾ, ਕੰਪਿਊਟਰ ਵਿਭਾਗ** ਦੇ **ਗਗਨਜੀਤ ਕੌਰ ਅਤੇ ਐਗਰੀਕਲਚਰ ਵਿਭਾਗ** ਦੇ **ਤੇਜਿੰਦਰ ਸਿੰਘ** ਅਤੇ **ਸ਼ਵੇਤਾ** ਦੀ **ਚੋਣ** ਕੀਤੀ ਗਈ। ਇਨ੍ਹਾਂ ਜੈਂਡਰ ਚੈਂਪੀਅਨਜ਼ ਦੁਆਰਾ ਵੱਖ-ਵੱਖ ਸਮੇਂ ’ਤੇ ਵਿਦਿਆਰਥੀਆਂ ਨਾਲ **ਇੰਟਰਐਕਸ਼ਨ** ਕੀਤੇ ਗਏ ਅਤੇ ਸਮੇਂ-ਸਮੇਂ ’ਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸੁਣਿਆ ਗਿਆ ਅਤੇ ਉਨ੍ਹਾਂ ਦੀ ਸੁਯੋਗ ਅਗਵਾਈ ਕੀਤੀ ਗਈ।

## 78. ਬਰੇਵ ਹਾਰਟਸ ਕਲੱਬ:

ਅੰਗ੍ਰੇਜ਼ੀ ਵਿਭਾਗ ਦੇ ਮੁਖੀ **ਪ੍ਰੋ. ਜਸਪ੍ਰੀਤ ਕੌਰ** ਅਤੇ ਬਰੇਵ ਹਾਰਟਸ ਕਲੱਬ ਦੇ ਕਨਵੀਨਰ **ਡਾ. ਨਵਦੀਪ ਕੌਰ** ਦੀ ਯੋਗ ਰਹਿਨੁਮਈ ਹੇਠ ਇਸ ਕਲੱਬ ਵੱਲੋਂ **Constituting Meeting** ਆਯੋਜਿਤ ਕੀਤੀ ਗਈ। ਇਸ ਵਿੱਚ **24 ਕੋਆਰਡੀਨੇਟਰਜ਼** ਨਿਯੁਕਤ ਕੀਤੇ ਗਏ।

ਮਿਤੀ 21 ਨਵੰਬਰ 2023 ਨੂੰ **Spreading Happiness** ਗਤੀਵਿਧੀ ਕਰਵਾਈ ਗਈ। ਇਹ ਗਤੀਵਿਧੀ **ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ** ਸੀ। ਇਸ ਤਹਿਤ ਸਰਕਾਰੀ ਰਜਿੰਦਰਾ ਹਸਪਤਾਲ ਪਟਿਆਲਾ ਵਿਖੇ ਬੱਚਿਆਂ ਨੂੰ ਖਾਣ ਪੀਣ ਦੀਆਂ ਵਸਤਾਂ ਤੇ ਹੋਰ ਲੋੜਵੰਦ ਸਮੱਗਰੀ ਦਿੱਤੀ ਗਈ।

ਕਲੱਬ ਵੱਲੋਂ **01 ਸੈਮੀਨਾਰ** ਕਰਵਾਇਆ ਗਿਆ।

## 79. ਬੁੱਕ ਕਲੱਬ:

ਅੰਗ੍ਰੇਜ਼ੀ ਵਿਭਾਗ ਦੇ ਬੁੱਕ ਕਲੱਬ ਵੱਲੋਂ ਮਿਤੀ 30 ਜਨਵਰੀ 2024 ਤੋਂ 01 ਫ਼ਰਵਰੀ 2024 ਤੱਕ **Bibliobibuli** ਨਾਂ ਦੀ ਗਤੀਵਿਧੀ ਕਰਵਾਈ ਗਈ। **ਪ੍ਰੋ. ਪਰਮਜੀਤ ਕੌਰ** ਅਤੇ **ਪ੍ਰੋ. ਪਵਨਪ੍ਰੀਤ ਕੌਰ** ਨੇ ਵਿਦਿਆਰਥੀਆਂ ਨੂੰ **ਰੀਡਿੰਗ ਦੇ ਮਹੱਤਵ** ਅਤੇ **ਤਕਨੀਕਾਂ** ਬਾਰੇ ਜਾਣਕਾਰੀ ਦਿੱਤੀ। ਇਸ ਗਤੀਵਿਧੀ ਦੌਰਾਨ ਵਿਦਿਆਰਥੀਆਂ ਦਾ **ਰੀਡਿੰਗ ਸਕਿੱਲਜ਼ ਮੁਕਾਬਲਾ** ਵੀ ਕਰਵਾਇਆ ਗਿਆ।

ਇਸੇ ਹੀ ਗਤੀਵਿਧੀ ਦੌਰਾਨ ਵਿਦਿਆਰਥੀਆਂ ਦਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਆਯੋਜਿਤ ਕੀਤੇ ਗਏ **ਬੁੱਕ ਫੇਅਰ** ਦਾ **ਦੌਰਾ** ਵੀ ਕਰਵਾਇਆ ਗਿਆ।

## 80. **ਕਿਰਤ ਕਲੱਬ:**

ਕਿਰਤ ਕਲੱਬ ਦੇ ਕਨਵੀਨਰ **ਡਾ. ਦਵਿੰਦਰ ਸਿੰਘ** ਦੇ ਯਤਨਾਂ ਸਦਕਾ ਮਿਤੀ 28-29 ਫ਼ਰਵਰੀ ਅਤੇ 01 ਮਾਰਚ 2024 ਨੂੰ ਕਾਲਜ ਵਿਖੇ **ਖ਼ਾਲਸਾਈ ਉਤਸਵ** ਦਾ ਆਯੋਜਨ ਕੀਤਾ ਗਿਆ। ਇਸ ਮੌਕੇ **ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਸਜਾਏ ਗਏ ਅਤੇ ਅਤੁੱਟ ਲੰਗਰ ਵਰਤਾਏ ਗਏ।** ਉਪਰੋਕਤ ਤੋਂ ਫ਼ਾਇਨ ਆਰਟਸ ਵਿਭਾਗ ਦੇ ਸਹਿਯੋਗ ਨਾਲ **ਪੇਂਟਿੰਗ ਪ੍ਰਦਰਸ਼ਨੀ** ਲਗਾਈ ਗਈ ਅਤੇ **ਕਵੀ ਦਰਬਾਰ** ਦਾ ਆਯੋਜਨ ਵੀ ਕੀਤਾ ਗਿਆ।

ਮਿਤੀ 23-24 ਮਾਰਚ 2024 ਨੂੰ ਕਲੱਬ ਵੱਲੋਂ **ਸ੍ਰੀ ਪਾਉਂਟਾ ਸਾਹਿਬ** ਵਿਖੇ **ਧਾਰਮਿਕ ਟੂਰ** ਲਿਜਾਇਆ ਗਿਆ।

ਕਲੱਬ ਵੱਲੋਂ **02 ਲੈਕਚਰ** ਕਰਵਾਏ ਗਏ।

ਕਲੱਬ ਵੱਲੋਂ **01 ਵਰਕਸ਼ਾਪ** ਲਗਾਈ ਗਈ।

## 81. **ਡਾ. ਗੰਡਾ ਸਿੰਘ ਕਰੀਅਰ ਗਾਈਡੈਂਸ, ਕਾਊਂਸਲਿੰਗ ਐਂਡ ਪਲੇਸਮੈਂਟ ਸੈੱਲ:**

ਡਾ. ਗੰਡਾ ਸਿੰਘ ਕਰੀਅਰ ਗਾਈਡੈਂਸ, ਕਾਊਂਸਲਿੰਗ ਐਂਡ ਪਲੇਸਮੈਂਟ ਸੈੱਲ ਦੇ **ਡੀਨ ਪ੍ਰੋ. ਜਸਪ੍ਰੀਤ ਕੌਰ** ਅਤੇ **ਕਨਵੀਨਰ ਡਾ. ਨਿਪੁੰਨਜੋਤ ਕੌਰ** ਦੇ ਯਤਨਾਂ ਸਦਕਾ ਮਿਤੀ 07 ਅਗਸਤ 2023 ਨੂੰ Communication Skills ਵਿਸ਼ੇ 'ਤੇ **ਕਾਊਂਸਲਿੰਗ ਸੈਸ਼ਨ** ਦਾ ਆਯੋਜਨ ਕੀਤਾ ਗਿਆ।

ਮਿਤੀ 04 ਸਤੰਬਰ 2023 ਨੂੰ **Soft Skills and Personality Development** ਵਿਸ਼ੇ 'ਤੇ **ਕਾਊਂਸਲਿੰਗ ਸੈਸ਼ਨ** ਦਾ ਆਯੋਜਨ ਕੀਤਾ ਗਿਆ।

ਮਿਤੀ 08 ਸਤੰਬਰ 2023 ਨੂੰ ਜ਼ਿਲ੍ਹਾ ਰੋਜ਼ਗਾਰ ਬਿਊਰੋ, ਪਟਿਆਲਾ ਵੱਲੋਂ ਆਯੋਜਿਤ ਕੀਤੇ ਗਏ **Job Fair** ਵਿੱਚ ਬੀ.ਐਸਸੀ. ਆਨਰਜ਼ ਐਗਰੀਕਲਚਰ ਭਾਗ ਚੌਥਾ ਦੇ ਵਿਦਿਆਰਥੀਆਂ ਨੇ ਭਾਗ ਲਿਆ ਅਤੇ **RGM Vision Pvt. Ltd.** ਵਿੱਚ **18 ਵਿਦਿਆਰਥੀਆਂ ਦੀ ਚੋਣ** ਹੋਈ।

ਮਿਤੀ 14,15 ਅਤੇ 18 ਮਾਰਚ 2024 ਨੂੰ ਵਿਦਿਆਰਥੀਆਂ ਨੂੰ ਗਤੀਸ਼ੀਲ ਰੁਜ਼ਗਾਰ ਦੇ ਮੌਕਿਆਂ ਦੀ ਪਾਲਣਾ ਕਰਨ ਲਈ **Advanced Learners** ਦੁਆਰਾ **ਤਿੰਨ ਰੋਜ਼ਾ ਸਿਖਲਾਈ ਸੈਸ਼ਨ** ਦਾ ਆਯੋਜਨ ਕੀਤਾ ਗਿਆ।

ਮਿਤੀ 15 ਮਾਰਚ 2024 ਨੂੰ **Intensive Training Session on Job Interview Skills** ਦਾ ਆਯੋਜਨ ਕੀਤਾ ਗਿਆ।

ਮਿਤੀ 18 ਮਾਰਚ 2024 ਨੂੰ ਕਾਲਜ ਦੇ ਅਖੀਰਲੇ ਸਾਲ ਦੇ ਵਿਦਿਆਰਥੀਆਂ ਲਈ **Pre-Placement and Counselling Session** ਦਾ ਆਯੋਜਨ ਕੀਤਾ ਗਿਆ ਜਿਸ ਦੌਰਾਨ **ਸ੍ਰੀ ਅਮਨ ਅਰੋੜਾ**, ਸੀਨੀਅਰ ਮੈਨੇਜਰ ਸਕਿੱਲ ਲੈਬ ਨੇ ਰਿਸੋਰਸ ਪਰਸਨ ਦੇ ਤੌਰ 'ਤੇ ਸ਼ਿਰਕਤ ਕੀਤੀ।

ਮਿਤੀ 18 ਮਾਰਚ 2024 ਨੂੰ **AU Bank Placement Drive** ਦਾ ਆਯੋਜਨ ਕੀਤਾ ਗਿਆ ਜਿਸ ਦੌਰਾਨ **73 ਵਿਦਿਆਰਥੀਆਂ** ਨੇ **ਕਾਊਂਸਲਿੰਗ ਅਤੇ ਮੋਟੀਵੇਸ਼ਨਨਲ ਸੈਸ਼ਨ** ਵਿੱਚ ਭਾਗ ਲਿਆ,

**32 ਵਿਦਿਆਰਥੀਆਂ** ਨੂੰ **ਇੰਟਰਵਿਊ ਲਈ ਸ਼ਾਰਟ ਲਿਸਟ** ਕੀਤਾ ਗਿਆ ਅਤੇ **05 ਵਿਦਿਆਰਥੀਆਂ ਦੀ ਚੋਣ** ਹੋਈ।

ਮਿਤੀ 18 ਮਾਰਚ 2024 ਨੂੰ ਵਿਦਿਆਰਥੀਆਂ ਦੀ ਬੋਲਣ, ਸੋਚਣ ਅਤੇ ਸੁਨਣ ਦੀ ਸਮਰੱਥਾ ਨੂੰ ਵਧਾਉਣ ਲਈ **Group Discussion** ਗਤੀਵਿਧੀ ਦਾ ਆਯੋਜਨ ਕੀਤਾ ਗਿਆ। ਮਿਤੀ 19 ਮਾਰਚ 2024 ਨੂੰ **Career Opportunities for IT Students** ਵਿਸ਼ੇ 'ਤੇ **ਸੈਸ਼ਨ ਦਾ ਆਯੋਜਨ** ਕੀਤਾ ਗਿਆ।

ਮਿਤੀ 20 ਮਾਰਚ 2024 ਨੂੰ ਬੀ.ਵਾਕ. ਫ਼ੂਡ ਪ੍ਰੋਸੈਸਿੰਗ ਐਂਡ ਇੰਜੀਨੀਅਰਿੰਗ ਦੇ ਵਿਦਿਆਰਥੀਆਂ ਲਈ **ਫ਼ੂਡ ਪ੍ਰੋਸੈਸਿੰਗ ਅਤੇ ਪੈਕੇਜਿੰਗ ਤਕਨੀਕਾਂ** 'ਤੇ **ਹੁਨਰ ਅਧਾਰਤ ਸਿਖਲਾਈ** ਕਰਵਾਉਣ ਲਈ ਗਤੀਵਿਧੀ ਆਯੋਜਿਤ ਕੀਤੀ ਗਈ।

ਮਿਤੀ 21 ਮਾਰਚ 2024 ਨੂੰ **Software Development: A Roadmap to Project Design** ਦੇ ਵਿਸ਼ੇ 'ਤੇ ਇੰਟਰਐਕਟਿਵ ਸੈਸ਼ਨ ਦਾ ਆਯੋਜਨ ਕੀਤਾ ਗਿਆ।

ਮਿਤੀ 29 ਜੂਨ 2024 ਨੂੰ ਡਾਇਰੈਕਟੋਰੇਟ ਆਫ਼ ਐਜੂਕੇਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੁਆਰਾ **ਮੈਗਾ ਪਲੇਸਮੈਂਟ ਡਰਾਇਵ** ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਕਾਲਜ ਦੇ **45 ਵਿਦਿਆਰਥੀਆਂ** ਨੇ ਭਾਗ ਲਿਆ ਅਤੇ **36 ਵਿਦਿਆਰਥੀਆਂ** ਦੀ ਚੋਣ ਹੋਈ। ਜ਼ਿਕਰਯੋਗ ਹੈ ਕਿ ਇਸ ਡਰਾਇਵ ਦੌਰਾਨ 20 ਤੋਂ ਵੱਧ ਪ੍ਰਸਿੱਧ ਕੰਪਨੀਆਂ ਦੁਆਰਾ ਕਲਗੀਧਰ ਨਿਵਾਸ, ਚੰਡੀਗੜ੍ਹ ਦਾ ਦੌਰਾ ਕੀਤਾ ਗਿਆ ਜਿਨ੍ਹਾਂ ਵਿੱਚ **ਐਕਸਿਸ ਬੈਂਕ, ਐਚ.ਡੀ.ਐਫ.ਸੀ., ਬਜਾਜ ਇੰਸ਼ੋਰੈਂਸ ਕੰਪਨੀ, ਸੋਲੀਟੇਅਰ ਇਨਫੋਸਿਸ ਲਿਮਟਿਡ, ਐਚ.ਡੀ.ਬੀ. ਵਿੱਤੀ ਸੇਵਾਵਾਂ** ਆਦਿ ਸ਼ਾਮਲ ਸਨ।

ਸੈੱਲ ਵੱਲੋਂ **02 ਵਰਕਸ਼ਾਪ** ਲਗਾਈਆਂ ਗਈਆਂ।

ਸੈੱਲ ਵੱਲੋਂ **01 ਵੈਬੀਨਾਰ** ਕਰਵਾਇਆ ਗਿਆ।

ਸੈੱਲ ਵੱਲੋਂ ਵਿਦਿਆਰਥੀਆਂ ਲਈ **02 ਟ੍ਰੇਨਿੰਗ ਪ੍ਰੋਗਰਾਮ** ਕਰਵਾਏ ਗਏ।

## 82. ਪਬਲੀਕੇਸ਼ਨ ਸੈੱਲ:

**ਡਾ. ਪੁਸ਼ਪਿੰਦਰ ਕੌਰ**, ਡੀਨ, ਪ੍ਰੈੱਸ ਐਂਡ ਪਬਲੀਕੇਸ਼ਨ ਦੀ ਦੇਖ-ਰੇਖ ਹੇਠ ਇਸ ਸੈਸ਼ਨ ਦੌਰਾਨ ਕਾਲਜ ਦੇ ਪਬਲੀਕੇਸ਼ਨ ਸੈੱਲ ਵੱਲੋਂ **ਤ੍ਰੈ ਭਾਸ਼ਾਈ (ਹਿੰਦੀ, ਸੰਸਕ੍ਰਿਤ ਅਤੇ ਉਰਦੂ) ਪੁਸਤਕ ਗੁਰੂ ਨਾਨਕ ਦੇਵ ਜੀ ਜੀਵਨ ਔਰ ਦਰਸ਼ਨ** ਪ੍ਰਕਾਸ਼ਿਤ ਕੀਤੀ ਗਈ। ਜਿਸ ਸਦਕਾ ਕਾਲਜ ਦੇ ਪਬਲੀਕੇਸ਼ਨ ਸੈੱਲ ਵੱਲੋਂ ਹੁਣ ਤੱਕ **ਪ੍ਰਕਾਸ਼ਿਤ ਕੀਤੀਆਂ ਗਈਆਂ ਪੁਸਤਕਾਂ** ਦੀ **ਗਿਣਤੀ 32** ਹੋ ਗਈ ਹੈ। ਇਹਨਾਂ ਪੁਸਤਕਾਂ ਵਿੱਚ **15 ਪੁਸਤਕਾਂ ਕਾਨਫ਼ਰੰਸ ਪ੍ਰੋਸੀਡਿੰਗਜ਼** ਦੀਆਂ, **12 ਪਾਠ ਪੁਸਤਕਾਂ, 03 ਸਾਹਿਤਕ** ਅਤੇ **01 ਪੁਸਤਕ ਕਾਲਜ ਦੇ ਇਤਿਹਾਸ** ਨਾਲ ਸਬੰਧਤ ਹੈ ਅਤੇ **01 ਪੁਸਤਕ ਸਿੱਖ ਇਤਿਹਾਸ** ਨਾਲ। ਇਸ ਤੋਂ ਇਲਾਵਾ ਇਸ ਸੈੱਲ ਦੁਆਰਾ **ਫਲੇਮ ਆਫ਼ ਇੰਸਪੀਰੇਸ਼ਨ** ਪਾਠ ਪੁਸਤਕ ਦਾ ਤੀਸਰਾ ਅਡੀਸ਼ਨ ਵੀ ਪ੍ਰਕਾਸ਼ਿਤ ਕਰਵਾਇਆ ਗਿਆ।

ਪਬਲੀਕੇਸ਼ਨ ਸੈੱਲ ਵੱਲੋਂ ਮਿਤੀ 30 ਜਨਵਰੀ 2024 ਤੋਂ 03 ਫ਼ਰਵਰੀ 2024 ਤੱਕ **ਪੰਜਾਬੀ ਯੂਨੀਵਰਸਿਟੀ ਪਟਿਆਲਾ** ਵੱਲੋਂ ਆਯੋਜਿਤ **ਪੁਸਤਕ ਮੇਲਾ** ਅਤੇ **ਸਾਹਿਤ ਉਤਸਵ-2024** ਵਿੱਚ ਕਾਲਜ ਦੇ ਪਬਲੀਕੇਸ਼ਨ ਸੈੱਲ ਦੁਆਰਾ ਪ੍ਰਕਾਸ਼ਿਤ **ਪੁਸਤਕਾਂ ਦੀ ਸੇਲ ਵਾਸਤੇ, ਸੇਲ ਕਾਊਂਟਰ** ਲਗਾਇਆ ਗਿਆ। ਇਸ ਮੌਕੇ ਕਾਲਜ ਦੇ ਵੱਖ-ਵੱਖ ਵਿਭਾਗਾਂ ਵੱਲੋਂ **ਵਿਦਿਆਰਥੀਆਂ ਦੀ ਸ਼ਿਰਕਤ** ਵੀ ਕਰਵਾਈ ਗਈ।

## 83. ਲਾਇਬ੍ਰੇਰੀ:

ਇਸ ਸੈਸ਼ਨ ਦੌਰਾਨ ਲਾਇਬ੍ਰੇਰੀ ਵਾਸਤੇ **76,113/-** ਰੁ. ਦੀਆਂ **274** ਨਵੀਆਂ ਕਿਤਾਬਾਂ ਖਰੀਦੀਆਂ ਗਈਆਂ। ਇਸ ਨਾਲ ਲਾਇਬ੍ਰੇਰੀ ਵਿਚ **ਕਿਤਾਬਾਂ ਦੀ** ਕੁਲ ਗਿਣਤੀ **51612** ਹੋ ਗਈ। ਕਾਲਜ ਵਿਦਿਆਰਥੀਆਂ, ਅਧਿਆਪਨ ਅਤੇ ਗੈਰ ਅਧਿਆਪਨ ਅਮਲੇ ਨੂੰ **5855 ਕਿਤਾਬਾਂ** ਜਾਰੀ ਕੀਤੀਆਂ ਗਈਆਂ। ਪੀ.ਟੀ.ਏ. ਫੰਡ ਵਿਚੋਂ ਕਾਲਜ ਦੇ ਹੋਣਹਾਰ ਅਤੇ ਲੋੜਵੰਦ **84 ਵਿਦਿਆਰਥੀਆਂ** ਨੂੰ **255 ਕਿਤਾਬਾਂ,** ਜਿਨ੍ਹਾਂ ਦੀ ਕੀਮਤ **37,470/-** ਰੁ. ਹੈ, ਪੂਰੇ ਸੈਸ਼ਨ ਲਈ ਮੁਫ਼ਤ ਜਾਰੀ ਕੀਤੀਆਂ ਗਈਆਂ। ਲਾਇਬ੍ਰੇਰੀ ਵਿਚ ਵੱਖ-ਵੱਖ ਵਿਭਾਗਾਂ ਨਾਲ ਸੰਬੰਧਤ **74 ਜਰਨਲ** ਅਤੇ **ਮੈਗਜ਼ੀਨ** ਆਉਂਦੇ ਹਨ। ਇਸ ਸਮੇਂ ਲਾਇਬ੍ਰੇਰੀ ਵਿਚ ਅੰਗਰੇਜ਼ੀ, ਹਿੰਦੀ ਅਤੇ ਪੰਜਾਬੀ ਭਾਸ਼ਾਵਾਂ ਦੇ **20 ਅਖ਼ਬਾਰ** ਆ ਰਹੇ ਹਨ। ਕਾਲਜ ਲਾਇਬ੍ਰੇਰੀ ਵਿਚ ਤਿੰਨ ਈ-ਰਿਸੋਰਸਜ਼ ਐਨ-ਲਿਸਟ (5900/-), ਜੇ-ਗੇਟ (58366/-), ਡੈਲਨੈੱਟ (13570/-) ਲਏ ਗਏ ਹਨ। ਇਹਨਾਂ ਈ-ਰਿਸੋਰਸਜ਼ ਰਾਹੀਂ ਵਿਦਿਆਰਥੀ ਅਤੇ ਸਟਾਫ਼ ਮੈਂਬਰ ਸਾਹਿਬਾਨ ਬਹੁਤ ਜ਼ਿਆਦਾ ਗਿਣਤੀ ਵਿੱਚ ਈ-ਜਰਨਲਜ਼ ਅਤੇ ਈ-ਕਿਤਾਬਾਂ ਨੂੰ ਆਨਲਾਈਨ ਦੇਖ ਸਕਦੇ ਹਨ। ਲਾਇਬ੍ਰੇਰੀ ਦੇ ਕੰਮਾਂ ਨੂੰ ਵਧੀਆ ਤਰੀਕੇ ਅਤੇ ਤੇਜ਼ੀ ਨਾਲ ਕਰਨ ਲਈ ਲਾਇਬ੍ਰੇਰੀ ਨੂੰ ਆਟੋਮੇਟ ਕੀਤਾ ਗਿਆ। ਕਾਲਜ ਲਾਇਬ੍ਰੇਰੀ ਦਾ ਰਿਕਾਰਡ ਸਰਚ ਕਰਨ ਵਾਸਤੇ ਲਾਇਬ੍ਰੇਰੀ ਓ.ਪੀ.ਏ.ਸੀ. ਨੂੰ ਕਾਲਜ ਦੀ ਵੈਬਸਾਇਟ ਨਾਲ ਜੋੜ ਕੇ ਵੈਬ ਓ.ਪੀ.ਏ.ਸੀ. ਬਣਾਇਆ ਗਿਆ ਹੈ ਤਾਂ ਜੋ ਕੋਈ ਵੀ ਪਾਠਕ ਸੰਸਾਰ ਦੇ ਕਿਸੇ ਵੀ ਹਿੱਸੇ ਵਿਚ ਬੈਠ ਕੇ ਲਾਇਬ੍ਰੇਰੀ ਰਿਕਾਰਡ ਸਰਚ ਕਰ ਸਕੇ ਅਤੇ ਲਾਇਬ੍ਰੇਰੀ ਹਾਲ ਵਿਚ ਪਾਠਕਾਂ ਦੀ ਸਹੂਲਤ ਲਈ 4 ਟੱਚ ਸਕਰੀਨ ਕੰਪਿਊਟਰ ਲਗਾਏ ਗਏ ਹਨ। ਕਾਲਜ ਦੀ ਲਾਇਬ੍ਰੇਰੀ ਅਜਿਹੀ ਪਹਿਲੀ ਲਾਇਬ੍ਰੇਰੀ ਹੈ ਜਿੱਥੇ ਇਹ ਸਹੂਲਤ ਪ੍ਰਦਾਨ ਕੀਤੀ ਜਾ ਰਹੀ ਹੈ। ਲਾਇਬ੍ਰੇਰੀ ਵਿੱਚ ਕਿਤਾਬਾਂ ਦੀ ਚੋਰੀ ਰੋਕਣ ਲਈ **RFID (Radio Frequency Identification)** ਲਗਾਈ ਗਈ ਹੈ। 200 ਪਾਠਕਾਂ ਦੇ ਬੈਠਣ ਲਈ ਅਰਾਮਦਾਇਕ ਏ ਸੀ ਹਾਲ ਦੀ ਸਹੂਲਤ ਹੈ।

## 84. ਕਾਲਜ ਮੈਗਜ਼ੀਨ 'ਨਵੀਆਂ ਪੈੜਾਂ':

ਵਿਦਿਆਰਥੀਆਂ ਅੰਦਰ ਲੁਕੀ ਸਾਹਿਤਕ ਪ੍ਰਤਿਭਾ ਨੂੰ ਉਭਾਰਨ, ਨਿਖਾਰਨ ਅਤੇ ਉਨ੍ਹਾਂ ਨੂੰ ਸਾਰੇ ਕਾਲਜ ਵਿਚ ਹੋਈਆਂ ਗਤੀਵਿਧੀਆਂ, ਸਰਗਰਮੀਆਂ ਅਤੇ ਕਾਲਜ ਦੀਆਂ ਪ੍ਰਾਪਤੀਆ ਸਬੰਧੀ ਜਾਣਕਾਰੀ ਪ੍ਰਦਾਨ ਕਰਨ ਲਈ ਚੀਫ਼ ਅਡੀਟਰ **ਡਾ. ਹਰਵਿੰਦਰ ਕੌਰ** ਦੀ ਸੁਚੱਜੀ ਦੇਖ-ਰੇਖ ਹੇਠ ਸਾਲ 2023 ਦਾ ਕਾਲਜ ਮੈਗਜ਼ੀਨ **ਨਵੀਆਂ ਪੈੜਾਂ** ਕੱਢਿਆ ਗਿਆ। ਇਸ ਮੈਗਜ਼ੀਨ ਵਿਚ **ਡਾ. ਹਰਵਿੰਦਰ ਕੌਰ (ਹਿੰਦੀ),**

**ਡਾ. ਜੀਵੰਤ ਕੌਰ (ਫ਼ੋਟੋ ਸੈਕਸ਼ਨ), ਡਾ. ਨਵਦੀਪ ਕੌਰ (ਅੰਗਰੇਜ਼ੀ ਸੈਕਸ਼ਨ), ਡਾ. ਜਸਵਿੰਦਰ ਸਿੰਘ (ਪੰਜਾਬੀ ਸੈਕਸ਼ਨ), ਡਾ. ਰੂਪੀ ਧੀਰ (ਸਾਇੰਸ ਸੈਕਸ਼ਨ), ਡਾ. ਕੋਮਲਦੀਪ ਕੌਰ (ਕਾਮਰਸ ਐਂਡ ਮੈਨੇਜਮੈਂਟ), ਪ੍ਰੋ. ਮਹਿੰਦਰ ਲਾਲ (ਐਗਰੀਕਲਚਰ ਸੈਕਸ਼ਨ),** ਅਤੇ **ਪ੍ਰੋ. ਸਤਵੀਰ ਕੌਰ (ਕੰਪਿਊਟਰ ਸੈਕਸ਼ਨ)** ਨੇ ਆਪਣੇ-ਆਪਣੇ ਸੈਕਸ਼ਨਾਂ ਦੇ **ਅਧਿਆਪਕ ਇੰਚਾਰਜ** ਵਜੋਂ ਡਿਊਟੀ ਨਿਭਾਈ।

## ਧੰਨਵਾਦ

ਅੰਤ ਵਿਚ ਮੈਂ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਆਉਣ ਵਾਲੇ ਸਮੇਂ ਵਿਚ ਕਾਲਜ ਹੋਰ ਤਰੱਕੀ ਕਰੇ ਅਤੇ ਇਸ ਨੂੰ ਉਚਾਈ ਦੀਆਂ ਸਿਖਰਾਂ ’ਤੇ ਪਹੁੰਚਾਉਣ ਲਈ ਕਾਲਜ ਮੈਨੇਜਮੈਂਟ ਦੀ ਸੁਚੱਜੀ ਅਗਵਾਈ ਹੇਠ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਨੂੰ ਹੋਰ ਸਖ਼ਤ ਮਿਹਨਤ ਕਰਨ ਦਾ ਉਤਸ਼ਾਹ ਅਤੇ ਸਮਰੱਥਾ ਬਖ਼ਸ਼ੇ।

**ਡਾ. ਧਰਮਿੰਦਰ ਸਿੰਘ ਉੱਭਾ**
**ਪ੍ਰਿੰਸੀਪਲ**

**ਸਾਲਾਨਾ ਰਿਪੋਰਟ ਕਮੇਟੀ:**

1. ਡਾ. ਪੁਸ਼ਪਿੰਦਰ ਕੌਰ (ਕਨਵੀਨਰ)
2. ਡਾ. ਜੀਵੰਤ ਕੌਰ
3. ਡਾ. ਨਵਦੀਪ ਕੌਰ
4. ਡਾ. ਆਇਸ਼ਾ ਖੋਸਲਾ
5. ਡਾ. ਹਰਪ੍ਰੀਤ ਕੌਰ
6. ਡਾ. ਕਾਮਨਾ ਸਿੰਘ ਗੌਰ
7. ਡਾ. ਰਾਜਿੰਦਰ ਕੌਰ
8. ਪ੍ਰੋ. ਮਨਪ੍ਰੀਤ ਵਰਮਾ
9. ਸ਼੍ਰੀਮਤੀ ਜਸਵਿੰਦਰ ਕੌਰ ਬੱਲ